5-SEP-PAGE-1.qxd add.qxd 9/4/2023 10:17 PM Page 1

ਮੰਗਲਵਾਰ, 5 ਸਤੰਬਰ, 2023
20 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 95

ਨਵਾਂ ਜ਼ਮਾਨਾ

DAILY NAWAN ZAMANA • TUESDAY, 5 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

GOVT. OF PUNJAB

ਅਧਿਆਪਕ ਦਿਵਸ

ਮੌਕੇ

ਅਧਿਆਪਕਾਂ ਨੂੰ ਸਟੇਟ ਐਵਾਰਡ ਨਾਲ

ਸਨਮਾਨਿਤ ਕਰਦੇ ਹਾਂ

"ਮੈਂ ਅਧਿਆਪਕ ਭਾਈਚਾਰੇ ਨੂੰ ਉਸ ਦੀ ਵਿਦਿਆਰਥੀਆਂ ਦੀ ਤਕਦੀਰ ਬਣਾਉਣ ਵੱਲ ਸੇਧਿਤ ਦ੍ਰਿੜਤਾ ਭਰਪੂਰ ਵਚਨਬੱਧਤਾ ਲਈ ਤਹਿ-ਦਿਲੋਂ ਵਧਾਈ ਦਿੰਦਾ ਹਾਂ।"

-ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਰਾਜ ਪੱਧਰੀ ਸਮਾਗਮ

5 ਸਤੰਬਰ, 2023
ਸਵੇਰੇ 11:00 ਵਜੇ
ਸਥਾਨ: ਸਕਾਈਰਿੰਗ ਰਿਜ਼ੋਰਟ,
ਲੁਧਿਆਣਾ ਰੋਡ, ਮੋਗਾ

ਸਕੂਲ ਸਿੱਖਿਆ ਵਿਭਾਗ, ਪੰਜਾਬ

ਸਟੇਟ ਐਵਾਰਡੀ ਅਧਿਆਪਕ-2023

5-SEP-PAGE-7.qxd 9/4/2023 10:21 PM Page 1

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਕੱਢੀ ਨਸ਼ਿਆਂ ਖਿਲਾਫ਼ ਰੈਲੀ

ਬੁਢਲਾਡਾ (ਅਸ਼ੋਕ ਲਾਕੜਾ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਮਾਨਸਾ ਬਲਾਕ ਬੁਢਲਾਡਾ ਵੱਲੋਂ ਨਸ਼ਾ ਵਿਰੋਧੀ ਰੈਲੀ ਬਲਾਕ ਪ੍ਰਧਾਨ ਗੁਰਜੀਤ ਸਿੰਘ ਬਰੇ ਦੀ ਅਗਵਾਈ ਵਿੱਚ ਕੱਢੀ ਤੇ ਸੈਮੀਨਾਰ ਵੀ ਕੀਤਾ, ਜਿਸ ਵਿੱਚ ਬਲਾਕ ਦੇ ਸਮੂਹ ਸਾਥੀਆਂ ਨੇ ਜੋਸ਼ੋ ਖਰੋਸ਼ ਨਾਲ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਸੱਤਪਾਲ ਰਿਸ਼ੀ, ਐਸ.ਐਚ.ਓ ਬੁਢਲਾਡਾ ਭੁਪਿੰਦਰ ਸਿੰਘ, ਐਸ ਐਚ.ਓ. ਸਦਰ ਮੋਲਾ ਸਿੰਘ, ਐਸ. ਐਚ.ਓ ਬੋਹਾ ਮੈਡਮ ਬੇਅੰਤ ਕੌਰ, ਸਿਹਤ ਵਿਭਾਗ ਵੱਲੋਂ ਡਾ. ਉਜਵਲ ਕੁਮਾਰ, ਕੌਂਸ਼ਲਰ ਨਿਸ਼ਾ ਰਾਣੀ, ਜ਼ਿਲ੍ਹਾ ਸਕੱਤਰ ਸਿਮਰਜੀਤ ਗਾਗੋਵਾਲ ਅਤੇ ਕੈਸ਼ੀਅਰ ਅਮਰੀਕ ਸਿੰਘ ਮਾਖਾ ਆਦਿ ਨੇ ਸ਼ਮੂਲੀਅਤ ਕੀਤੀ ਤੇ ਰੈਲੀ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ।

ਬੁਲਾਰਿਆਂ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਵਿੱਢੇ ਹਰ ਸੰਘਰਸ਼ ਦਾ ਸਾਡੀ ਐਸੋਸੀਏਸ਼ਨ ਸਮਰਥਨ ਕਰਦੀ ਹੈ। ਨਸ਼ਾ ਮੁਕਤੀ ਤੇ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦੀ ਮੰਗ ਕਰਦਿਆਂ ਕਿਹਾ ਕਿ ਪੀੜਤ ਨੌਜਵਾਨਾਂ ਦੇ ਸਮਾਜਿਕ ਸਨਮਾਨ ਤੇ ਇਲਾਜ ਲਈ ਵਿਸ਼ੇਸ਼ ਧਿਆਨ ਦੇਣਾ ਸਮੇਂ ਦੀ ਵੱਡੀ ਲੋੜ ਹੈ। ਆਗੂਆਂ ਨੇ ਬਲਾਕ ਵੱਲੋਂ ਨਸ਼ਿਆਂ ਖਿਲਾਫ ਤੇ ਰੁਜ਼ਗਾਰ ਦੀ ਰਾਖੀ ਲਈ ਸੰਘਰਸ਼ਾਂ ਦੌਰਾਨ ਕੀਤੇ ਸ਼ਲਾਘਾਯੋਗ ਕਾਰਜਾਂ ਦੀ ਸ਼ਲਾਘਾ ਕੀਤੀ। ਪੁਲਸ ਤੇ ਸਿਹਤ ਅਧਿਕਾਰੀਆਂ ਨੇ ਨਸ਼ਾ ਵਿਰੋਧੀ ਮੁਹਿੰਮ ਵਿੱਚ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕਰਦੇ ਹੋਏ ਹੋਰ ਤਨਦੇਹੀ ਨਾਲ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਸਾਫ਼ ਸੁਥਰੀ ਪ੍ਰੈਕਟਿਸ ਕਰਨ ਵਾਲੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ। ਸਥੇਬੰਦੀ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਨੇ ਇਹ ਜਾਣਕਾਰੀ ਦਿੱਤੀ। ਇਸ ਸਮੇਂ ਬਲਾਕ ਸਕੱਤਰ ਬੂਟਾ ਸਿੰਘ ਦਾਤੇਵਾਸ, ਕੈਸ਼ੀਅਰ ਨਾਇਬ ਸਿੰਘ ਆਮਹਮਦਪੁਰ, ਨਛੱਤਰ ਸਿੰਘ ਸੇਖੋਂ, ਰਮਜਾਨ ਖਾਨ, ਲੱਖਾ ਸਿੰਘ ਆਦਿ ਬੁਲਾਰਿਆਂ ਨੇ ਕਿਹਾ ਕਿ ਸਰਕਾਰ ਬਿਨਾਂ ਦੇਰੀ ਸਮਗਲਰਾਂ ਤੇ ਪੁਸ਼ਤਪਨਾਹੀ ਕਰਨ ਵਾਲੇ ਸਰਗਨਾਂ 'ਤੇ ਫੌਰੀ ਕਾਨੂੰਨੀ ਕਾਰਵਾਈ ਕਰੇ ਅਤੇ ਅਣ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਮਾਨਤਾ ਦੇਣ ਦੀ ਮੰਗ ਵੀ ਕੀਤੀ ਤਾਂ ਜੁ ਇਹ ਅਪਣਾ ਰੁਜ਼ਗਾਰ ਨਿਰੰਤਰ ਜਾਰੀ ਰੱਖ ਸਕਣ। ਇਸ ਮੌਕੇ ਮੈਡੀਕਲ ਪ੍ਰੈਕਟੀਸਨਰਜ਼ ਐਸੋਸੀਏਸ਼ਨ ਬਲਾਕ ਬੁਢਲਾਡਾ ਦੇ ਆਗੂਆਂ ਮੇਜਰ ਸਿੰਘ ਗੋਬਿੰਦਪੁਰਾ, ਪ੍ਰੇਮ ਸਾਗਰ, ਗਮਦੂਰ ਸਿੰਘ ਰੱਲੀ, ਪ੍ਰਕਾਸ਼ ਸਿੰਘ, ਜਗਤਾਰ ਸਿੰਘ, ਤੇਜਾ ਸਿੰਘ, ਜੱਗਾ ਸਿੰਘ ਗੜੱਦੀ, ਸਿਸ਼ਨ ਗੋਇਲ ਆਦਿ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਤੇ ਸੰਬੋਧਨ ਕੀਤਾ।

ਭਾਰਤ ਵਿਕਾਸ ਪ੍ਰੀਸ਼ਦ ਨੇ ਸਮਾਜ ਭਲਾਈ ਕੰਮਾਂ ਨੂੰ ਲੈ ਕੇ ਕੀਤੀ ਮੀਟਿੰਗ

ਪ੍ਰੀਸ਼ਦ 'ਚ ਸ਼ਾਮਲ ਹੋਏ ਪੰਦਰਾਂ ਮੈਂਬਰਾਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਕੀਤਾ ਸਨਮਾਨਤ

ਬਾਘਾ ਪੁਰਾਣਾ (ਮਨੀ ਸਿੰਗਲਾ)-ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਭੂਸ਼ਨ ਗੋਇਲ, ਚੇਅਰਮੈਨ ਸ਼ਸ਼ੀ ਗਰਗ, ਦਵਿੰਦਰ ਬਾਂਸਲ ਸੈਕਟਰੀ, ਯੋਗੇਸ਼ ਗੋਇਲ ਕੈਸ਼ੀਅਰ, ਕੇਵਲ ਕ੍ਰਿਸ਼ਨ ਵਾਈਸ ਪ੍ਰਧਾਨ, ਹਰਪ੍ਰੀਤ ਸਿੰਘ ਐਗਜ਼ੈਕਟਿਵ, ਸੰਜੀਵ ਕੁਮਾਰ ਐਗਜ਼ੈਕਟਿਵ, ਅਜੇ ਗੂੰਬਰ ਐਗਜ਼ੈਕਟਿਵ, ਮਨੋਜ ਕੁਮਾਰ ਐਗਜ਼ੈਕਟਿਵ, ਪ੍ਰੇਮਪਾਲ ਗਰਗ ਐਗਜ਼ੈਕਟਿਵ, ਦੀਪਕ ਤਲਵਾੜ ਐਗਜ਼ੈਕਟਿਵ ਦੀ ਅਗਵਾਈ ਵਿੱਚ ਨਿਹਾਲ ਸਿੰਘ ਵਾਲਾ ਰੋਡ 'ਤੇ ਰੈਸਟੋਰੈਂਟ ਵਿੱਚ ਇਕ ਸਮਾਗਮ ਕੀਤਾ ਗਿਆ, ਜੋ ਕਿ ਸਮਾਗਮ ਦੀ ਸ਼ੁਰੂਆਤ ਪ੍ਰਧਾਨ ਭੂਸ਼ਨ ਗੋਇਲ ਵੱਲੋਂ ਸ਼ਮ੍ਹਾਂ ਰੋਸ਼ਨ ਕਰਕੇ ਕੀਤੀ ਗਈ ਅਤੇ ਸਮਾਜ ਭਲਾਈ ਦੇ ਕੰਮਾਂ ਨੂੰ ਲੈ ਕੇ ਵਿਚਾਰ ਵਿਟਾਂਦਰਾ ਕੀਤਾ ਗਿਆ ਅਤੇ 15 ਮੈਂਬਰਾਂ ਨੂੰ ਹੋਰ ਭਾਰਤ ਵਿਕਾਸ ਪ੍ਰੀਸ਼ਦ ਵਿੱਚ ਜੋੜਿਆ ਗਿਆ, ਜਿਨ੍ਹਾਂ ਦਾ ਭਾਰਤ ਵਿਕਾਸ ਪ੍ਰਸ਼ੀਦ ਵੱਲੋਂ ਸਵਾਗਤ ਕੀਤਾ ਗਿਆ ਅਤੇ ਮੈਂਬਰਾਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਭੂਸ਼ਨ ਗੋਇਲ ਤੇ ਚੇਅਰਮੈਨ ਸ਼ਸ਼ੀ ਗਰਗ ਨੇ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ 'ਚ 60 ਤੋਂ ਉੱਪਰ ਮੈਂਬਰ ਹੋ ਚੁੱਕੇ ਹਨ ਅਤੇ ਭਾਰਤ ਵਿਕਾਸ ਪ੍ਰੀਸ਼ਦ ਸਮਾਜ ਭਲਾਈ ਕੰਮਾਂ ਵਿੱਚ ਹਮੇਸ਼ਾ ਦੀ ਤਰ੍ਹਾਂ ਮੂਹਰਲੀ ਕਤਾਰ ਵਿੱਚ ਰਹਿੰਦਾ ਹੈ। ਇਸ ਮੌਕੇ ਦੀਪਕ ਗਰਗ ਬੌਬੀ, ਵਿਜੇ ਬੰਟੀ ਜਿੰਦਲ, ਲੱਕੀ ਗਰਗ, ਐਕਸਪਰਟ ਇਮੀਗ੍ਰੇਸ਼ਨ ਦੇ ਐੱਮ ਡੀ ਰਮਨ ਅਗਰਵਾਲ, ਸੁਰੇਸ਼ ਗੋਇਲ, ਪੰਕਜ ਅਰੋੜਾ, ਅਜੇ ਦਵਾਅ, ਓਮ ਪ੍ਰਕਾਸ਼, ਸੁਨੀਲ ਕੁਮਾਰ ਸੋਮੀ, ਰਿਕੂ ਨਰੂਲਾ, ਹਰੀ ਗੌਰਵ ਤੇ ਹੋਰ ਸ਼ਾਮਲ ਸਨ। ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਨਮਾਨ ਸਮਾਰੋਹ ਵੀ ਕੀਤਾ ਗਿਆ। ਇਸ ਮੌਕੇ ਪ੍ਰਧਾਨ ਭੂਸ਼ਨ ਗੋਇਲ ਤੇ ਸ਼ਸ਼ੀ ਗਰਗ ਨੇ ਪਹੁੰਚੇ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀ ਪ੍ਰੀਖਿਆ ਸਫਲਤਾਪੂਰਵਕ ਸੰਪੰਨ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਰਾਮਪੁਰਾ ਫੂਲ ਨੇ ਇਕਾਈ ਦੇ ਘੇਰੇ ਵਿੱਚ ਆਉਂਦੇ 33 ਸਕੂਲਾਂ ਦੇ 1097 ਵਿਦਿਆਰਥੀਆਂ ਦੀ ਪ੍ਰੀਖਿਆ 2 ਤੇ 3 ਸਤੰਬਰ ਨੂੰ ਇਲਾਕੇ ਦੇ 19 ਪ੍ਰੀਖਿਆ ਕੇਂਦਰਾਂ 'ਤੇ ਪ੍ਰਬੰਧ ਕਰਕੇ ਸਫਲਤਾਪੂਰਵਕ ਸੰਪੰਨ ਕੀਤੀ ਹੈ। ਇਸ ਪ੍ਰੀਖਿਆ ਦੇ ਸੰਚਾਲਨ ਲਈ ਤਰਕਸ਼ੀਲ ਮੈਂਬਰਾਂ ਤੋਂ ਬਿਨਾਂ ਤਰਕਸ਼ੀਲ ਤੇ ਸਮਾਜਿਕ ਤੌਰ 'ਤੇ ਚੇਤੰਨ ਹੋਰ ਬਹੁਤ ਸਾਰੇ ਸਨੇਹੀਆਂ ਤੋਂ ਭਰਪੂਰ ਸਹਿਯੋਗ ਮਿਲਿਆ। ਇਨ੍ਹਾਂ ਵਿੱਚ ਰਿਟਾਇਰਡ ਮੁੱਖ ਅਧਿਆਪਕ ਭਾਰਤ ਭੂਸ਼ਣ ਗੋਇਲ, ਮੁਕੇਸ਼ ਤਾਇਲ, ਜਗਦੀਸ਼ ਧੀਂਗੜਾ, ਮੈਡਮ ਪੁਸ਼ਪਾ ਸੂਦ, ਸਵਿਤਾ ਰਾਣੀ ਸੂਦ, ਲਵਜੀਤ ਸਿੰਘ ਐੱਮ ਐੱਲ ਟੀ, ਹਰਮਨਜੀਤ ਸਿੰਘ ਸਿੱਧੂ ਵਿਦਿਆਰਥੀ ਰਜਿੰਦਰਾ ਕਾਲਜ, ਅਧਿਆਪਕ ਆਗੂ ਅੰਗਰੇਜ ਸਿੰਘ, ਅਸ਼ੋਕ ਕੁਮਾਰ, ਮੈਡਮ ਪ੍ਰਵੀਨ, ਗੁਰਜੀਤ ਸਿੰਘ ਬੈਂਕ ਰਿਟਾਇਰਡ, ਇੰਸਪੈਕਟਰ ਵਿਨੋਦ ਕੁਮਾਰ, ਰਾਜਨ ਸਿੰਗਲਾ ਯੂਨਾਈਟਡ ਇੰਡੀਆ, ਲਖਵਿੰਦਰ ਐੱਮ ਐੱਲ ਟੀ, ਲੈਕਚਰਾਰ ਰਣਵੀਰ ਸਿੰਘ ਦਾ ਭਰਪੂਰ ਯੋਗਦਾਨ ਮਿਲਿਆ। ਇਸ ਪ੍ਰੀਖਿਆ ਵਿੱਚ ਸਭ ਤੋਂ ਵੱਧ ਵਿਦਿਆਰਥੀ ਸਸਸਸ (ਗਰਲਜ਼) ਰਾਮਪੁਰਾ ਮੰਡੀ ਦੇ 253 ਤੋਂ ਵੱਧ ਸ਼ਾਮਲ ਕਰਵਾਉਣ ਦਾ ਸਿਹਰਾ ਇਥੋਂ ਦੇ ਪ੍ਰਿੰਸੀਪਲ ਸੁਨੀਲ ਕੁਮਾਰ ਗੁਪਤਾ ਤੇ ਉਨ੍ਹਾ ਦੀ ਸਹਿਯੋਗੀ ਟੀਮ ਨੂੰ ਜਾਂਦਾ ਹੈ।

ਭਾਰਤੀਆ ਮਾਡਲ ਸਕੂਲ ਨੇ ਵੀ 110 ਬੱਚੇ ਪ੍ਰੀਖਿਆ ਲਈ ਰਜਿਸਟਰਡ ਕਰ ਕੇ ਬੱਚਿਆਂ 'ਚ ਵਿਗਿਆਨਕ ਦ੍ਰਿਸ਼ਟੀਕੋਣ ਬਣਾਉਣ ਵਿੱਚ ਸਹਿਯੋਗੀ ਰੋਲ ਅਦਾ ਕੀਤਾ ਹੈ। ਵੀਵਰ ਇੰਸਟੀਚਿਊਟ ਦੇ 83 ਵਿਦਿਆਰਥੀ ਰਜਿਸਟਰ ਹੋਏ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਇਹ ਪੰਜਵੀਂ ਪ੍ਰੀਖਿਆ ਲਈ ਗਈ ਹੈ। ਇਸ ਵਾਰ ਲੱਗਭੱਗ 36000 ਵਿਦਿਆਰਥੀ ਇਸ ਪ੍ਰੀਖਿਆ ਲਈ ਰਜਿਸਟਰ ਹੋਏ। ਪ੍ਰੀਖਿਆ 'ਚ ਸ਼ਾਮਲ ਹੋਣ ਵਾਲੇ ਹਰ ਵਿਦਿਆਰਥੀ ਨੂੰ ਸਰਟੀਫਿਕੇਟ ਨਾਲ ਨਿਵਾਜਿਆ ਜਾਂਦਾ ਹੈ। ਹਰ ਕਲਾਸ 'ਚੋਂ ਮੋਹਰੀ ਵਿਦਿਆਰਥੀਆਂ ਨੂੰ ਰਾਜ ਪੱਧਰ 'ਤੇ ਸਨਮਾਨਿਆ ਜਾਵੇਗਾ। ਸਮੁੱਚੇ ਤੌਰ 'ਤੇ ਮੋਹਰੀ ਵਿਦਿਆਰਥੀਆਂ ਨੂੰ ਨਕਦ ਰਾਸ਼ੀ, ਅਗਾਂਹਵਧੂ ਪੁਸਤਕਾਂ ਦਾ ਸੈੱਟ ਤੇ ਸਾਲ ਭਰ ਲਈ ਤਰਕਸ਼ੀਲ ਮੈਗਜ਼ੀਨ ਮੁਫਤ ਭੇਜਿਆ ਜਾਂਦਾ ਹੈ। ਇਹ ਸਾਰੀ ਜਾਣਕਾਰੀ ਇਕਾਈ ਦੇ ਮੀਡੀਆ ਇੰਚਾਰਜ ਮਾਸਟਰ ਸੁਰਿੰਦਰ ਰਾਮਪੁਰਾ ਨੇ ਪ੍ਰੈੱਸ ਨਾਲ ਸਾਂਝੀ ਕੀਤੀ।

ਕਾਤਰਾਂ

ਅਕਾਲ ਅਕੈਡਮੀ ਫ਼ਤਿਹਗੜ੍ਹ ਗੰਢੂਆਂ ਦੀਆਂ ਗੱਤਕਾ ਖਿਡਾਰਣਾਂ ਨੇ ਜਿੱਤੇ ਮੈਡਲ

ਚੀਮਾ ਮੰਡੀ (ਰਵਿੰਦਰ ਚੀਮਾ)-ਪੰਜਾਬ ਸਕੂਲ ਗੇਮਜ਼ ਵੱਲੋਂ ਅਕਾਲ ਫ਼ਿਜ਼ੀਕਲ ਕਾਲਜ ਮਸਤੂਆਣਾ ਸਾਹਿਬ ਵਿਖੇ ਜ਼ਿਲ੍ਹਾ ਪੱਧਰੀ ਗੱਤਕਾ ਮੁਕਾਬਲੇ ਕਰਾਏ ਗਏ, ਜਿਸ ਦੌਰਾਨ ਸੰਗਰੂਰ ਜ਼ਿਲ੍ਹੇ ਵਿੱਚ ਪੈਂਦੇ ਵੱਖ-ਵੱਖ ਜ਼ੋਨਾਂ ਦੇ ਸਕੂਲਾਂ ਨੇ ਭਾਗ ਲਿਆ। ਇਸ ਵਿੱਚ ਅੰਡਰ-14, ਅੰਡਰ- 17, ਅੰਡਰ-19 ਟੀਮਾਂ ਨੇ ਭਾਗ ਲਿਆ। ਇਨ੍ਹਾਂ ਖੇਡਾਂ ਵਿੱਚ ਜ਼ੋਨ ਚੀਮਾ ਦੇ ਅਕਾਲ ਅਕੈਡਮੀ ਫ਼ਤਿਹਗੜ੍ਹ ਗੰਢੂਆਂ ਦੀਆਂ ਲੜਕੀਆਂ ਦੀ ਅੰਡਰ-14 ਸਿੰਗਲ ਸੋਟੀ ਟੀਮ ਨੇ ਭਾਗ ਲਿਆ ਤੇ ਵਧੀਆ ਪ੍ਰਦਰਸ਼ਨ ਕਰਕੇ ਕਾਂਸੇ ਦਾ ਤਮਗਾ, ਅੰਡਰ-17 ਸਿੰਗਲ ਸੋਟੀ ਟੀਮ ਵਿੱਚ ਸਿਲਵਰ, ਅੰਡਰ-17 ਸਿੰਗਲ ਸੋਟੀ ਵਿਅਕਤੀਗਤ ਵਿੱਚ ਗੋਲਡ ਮੈਡਲ ਜਿੱਤਿਆ ਤੇ ਅੰਡਰ-17 ਫਰੀ ਸੋਟੀ ਟੀਮ ਵਿੱਚ ਗੋਲਡ ਅਤੇ ਅੰਡਰ-19 ਸਿੰਗਲ ਸੋਟੀ ਟੀਮ ਵਿੱਚ ਸਿਲਵਰ ਮੈਡਲ ਜਿੱਤੇ। ਅਕਾਲ ਅਕੈਡਮੀ ਦੇ ਇਨਹਾਂ ਜੇਤੂ ਖਿਡਾਰਨਾਂ ਨੂੰ ਸਵੇਰ ਦੀ ਸਭਾ ਵਿੱਚ ਸਨਮਾਨਤ ਕੀਤਾ ਗਿਆ। ਇਸ ਮੌਕੇ ਅਕੈਡਮੀ ਦੇ ਪ੍ਰਿੰਸੀਪਲ ਨੀਨਾ ਸਰਮਾ ਨੇ ਜੇਤੂ ਖਿਡਾਰਨਾਂ ਦੀ ਹੌਸਲਾ ਅਫ਼ਜ਼ਈ ਕਰਦੇ ਹੋਏ, ਸਟੇਟ ਲਈ ਸੁਭਕਾਮਨਾਮਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਕਲਗੀਧਰ ਟਰੱਸਟ ਅਧੀਨ ਪੈਂਦੀਆਂ ਅਕੈਡਮੀਆਂ ਵਿੱਚ ਹਮੇਸ਼ਾ ਹੀ ਲੜਕੀਆਂ ਨੂੰ ਜੀਵਨ 'ਚ ਅੱਗੇ ਵਧਣ ਲਈ ਉੱਚਿਤ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ।

ਰੋਜ਼ਗਾਰ ਮੇਲਾ ਭਲਕੇ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਲਗਾਤਾਰ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਇਸੇ ਤਹਿਤ ਐੱਲ.ਆਈ.ਸੀ. ਏਜੰਟ ਦੇ ਸਪੈਸ਼ਲ ਬੈਚ ਲਈ ਦਰਖਾਸਤਾਂ ਦੀ ਮੰਗ ਕੀਤੀ ਗਈ ਹੈ, ਜਿਸ ਤਹਿਤ ਚਾਹਵਾਨ ਉਮੀਦਵਾਰ 6 ਸਤੰਬਰ ਨੂੰ ਲਗਾਏ ਜਾ ਰਹੇ ਰੋਜ਼ਗਾਰ ਮੇਲੇ 'ਚ ਸ਼ਿਰਕਤ ਕਰ ਸਕਦੇ ਹਨ। ਇਹ ਜਾਣਕਾਰੀ ਪਲੇਸਮੈਂਟ ਅਫਸਰ ਰਾਜ ਸਿੰਘ ਨੇ ਦਿੱਤੀ। ਉਨ੍ਹਾ ਦੱਸਿਆ ਕਿ ਇਹ ਮੇਲਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਰੋਜ਼ਗਾਰ ਦਫਤਰ ਦੇ ਕਮਰਾ ਨੰਬਰ 502, ਚੌਥੀ ਮੰਜ਼ਲ, ਏ ਬਲਾਕ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਲਗਾਇਆ ਜਾਵੇਗਾ।

'ਖੇਡਾਂ ਵਤਨ ਪੰਜਾਬ ਦੀਆਂ' 'ਚ ਹਸਨਪੁਰ ਸਕੂਲ ਨੇ ਬਾਜ਼ੀ ਮਾਰੀ

ਧੂਰੀ (ਸੁਖਦੇਵ ਧੂਰੀ)-'ਖੇਡਾਂ ਵਤਨ ਪੰਜਾਬ ਦੀਆਂ' ਦੇ ਗੁਰੂ ਤੇਗ ਬਹਾਦਰ ਸਟੇਡੀਅਮ ਰਾਜੋਮਾਜਰਾ ਵਿਖੇ ਹੋ ਰਹੇ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਸਰਕਾਰੀ ਮਿਡਲ ਸਕੂਲ ਹਸਨਪੁਰ ਦੀਆਂ ਅੰਡਰ-14 ਲੜਕੀਆਂ ਨੇ ਕਬੱਡੀ ਨੈਸ਼ਨਲ ਵਿੱਚੋਂ ਪਹਿਲਾ ਸਥਾਨ ਤੇ ਮੁੰਡਿਆਂ ਨੇ ਦੂਜਾ ਸਥਾਨ ਹਾਸਲ ਕੀਤਾ। ਕੋਚ ਅਧਿਆਪਕ ਮਲਕੀਤ ਸਿੰਘ ਪੀ ਟੀ ਆਈ ਤੇ ਮੁੱਖ ਅਧਿਆਪਕ ਜਸਵੀਰ ਸਿੰਘ ਨੇ ਬੱਚਿਆਂ ਦੀ ਕਾਰਗੁਜ਼ਾਰੀ ਤੇ ਖੁਸ਼ੀ ਪ੍ਰਗਟ ਕਰਦਿਆਂ ਟੀਮਾਂ ਨੂੰ ਵਧਾਈ ਦਿੱਤੀ। ਇਥੇ ਇਹ ਗੱਲ ਵਰਨਣਯੋਗ ਹੈ ਕਿ ਸਿੱਖਿਆ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿੱਚ ਵੀ ਹਸਨਪੁਰ ਸਕੂਲ ਦੇ ਵਿਦਿਆਰਥੀਆਂ ਨੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਮੱਲਾਂ ਮਾਰੀਆਂ ਹਨ ਅਤੇ ਸਕੂਲ ਦੇ ਨਾਲ ਨਾਲ ਆਪਣੇ ਮਾਪਿਆਂ ਦਾ ਨਾਂਅ ਵੀ ਚਮਕਾਇਆ ਹੈ।

200 ਲੀਟਰ ਲਾਹਣ ਸਮੇਤ ਗ੍ਰਿਫ਼ਤਾਰ

ਬਰੇਟਾ (ਗੀਤਵਾਲ)-ਐੱਸ.ਐੱਚ.ਓ. ਬੂਟਾ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਦਰਸ਼ਨ ਵੱਲੋਂ ਪੁਲਸ ਪਾਰਟੀਆਂ ਨਾਲ ਮੁਖਬਰ ਖਾਸ ਦੀ ਇਤਲਾਹ ਮਿਲਣ 'ਤੇ ਖੁਡਾਲ ਕਲਾਂ ਦੇ ਸਰਬਜੀਤ ਸਿੰਘ ਪੁੱਤਰ ਗੋਪਾਲ ਸਿੰਘ ਦੇ ਘਰ ਚੈਕਿੰਗ ਕੀਤੀ ਗਈ ਤਾਂ ਉਸ ਦੇ ਘਰੋਂ 200 ਲੀਟਰ ਲਾਹਣ ਬਰਾਮਦ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਮੁਕੱਦਮਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ।

ਸਾਥੀ ਪ੍ਰੀਤਮ ਸਿੰਘ ਨੂੰ ਵੱਖ-ਵੱਖ ਕਿਸਾਨ ਆਗੂਆਂ ਵੱਲੋਂ ਸ਼ਰਧਾਂਜਲੀ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਉੱਤਰੀ ਭਾਰਤ ਦੀਆਂ 16 ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਅਰੰਭੇ ਸੰਘਰਸ਼ ਦੌਰਾਨ 21 ਅਗਸਤ 2023 ਨੂੰ ਪੰਜਾਬ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਗਏ ਲਾਠੀਚਾਰਜ ਦੌਰਾਨ ਸ਼ਹਾਦਤ ਦਾ ਜਾਮ ਪੀ ਗਏ ਪ੍ਰੀਤਮ ਸਿੰਘ ਦੀ ਅੰਤਿਮ ਅਰਦਾਸ ਬੀਤੇ ਦਿਨ ਉਨ੍ਹਾ ਦੇ ਜੱਦੀ ਪਿੰਡ ਮੰਡੇਰ ਕਲਾਂ ਦੀ ਦਾਣਾ ਮੰਡੀ ਵਿੱਚ 16 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕੀਤੀ ਗਈ। ਸਟੇਜ ਦਾ ਸੰਚਾਲਨ 16 ਕਿਸਾਨ ਜਥੇਬੰਦੀਆਂ ਵੱਲੋਂ ਗਠਿਤ 6 ਮੈਂਬਰੀ ਕਮੇਟੀ ਕਰ ਰਹੀ ਸੀ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਦੇ ਸੂਬਾਈ ਆਗੂ ਮਨਜੀਤ ਸਿੰਘ ਨਿਆਲ ਕਰ ਰਹੇ ਸਨ। ਸਟੇਜ ਤੋਂ ਵੱਖ ਵੱਖ ਕਿਸਾਨ

5-SEP-PAGE-1.qxd 9/4/2023 10:18 PM Page 1

ਮੰਗਲਵਾਰ, 5 ਸਤੰਬਰ, 2023
20 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 95

ਨਵਾਂ ਜ਼ਮਾਨਾ

DAILY NAWAN ZAMANA • TUESDAY, 5 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਜੈਪੁਰ 'ਚ 'ਆਪ' ਦਾ ਗਰੰਟੀ ਕਾਰਡ ਲਾਂਚ

ਰਾਜਸਥਾਨ ਨੂੰ ਦਿੱਲੀ, ਪੰਜਾਬ ਦੀ ਤਰ੍ਹਾਂ ਭ੍ਰਿਸ਼ਟਾਚਾਰ ਮੁਕਤ ਕਰਾਂਗੇ : ਭਗਵੰਤ ਮਾਨ

■ ਫ੍ਰੀ ਬਿਜਲੀ ਦੇਵਾਂਗੇ, ਪ੍ਰਾਈਵੇਟ ਸਕੂਲਾਂ ਦੀ ਲੁੱਟ ਬੰਦ ਕਰਾਂਗੇ : ਕੇਜਰੀਵਾਲ

ਜੈਪੁਰ : ਆਮ ਆਦਮੀ ਪਾਰਟੀ ਨੇ ਰਾਜਸਥਾਨ 'ਚ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਜੈਪੁਰ 'ਚ ਟਾਊਨ ਹਾਲ 'ਚ ਪ੍ਰੋਗਰਾਮ ਦੌਰਾਨ ਗਰੰਟੀ ਕਾਰਡ ਲਾਂਚ ਕੀਤਾ। ਇਸ ਦੇ ਨਾਲ ਹੀ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਗਹਿਲੋਤ ਸਰਕਾਰ ਦੇ ਨਾਲ ਹੀ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਲਾਇਆ।

ਕੇਜਰੀਵਾਲ ਨੇ ਕਿਹਾ ਕਿ ਰਾਜਸਥਾਨ 'ਚ ਅਸੀਂ ਛੇ ਗਰੰਟੀਆਂ ਦੇ ਕੇ ਜਾ ਰਹੇ ਹਾਂ। ਅਸੀਂ ਫ੍ਰੀ ਬਿਜਲੀ ਦੇਵਾਂਗੇ। ਤੁਹਾਡੇ ਬੱਚਿਆਂ ਦੀ ਜ਼ਿੰਮੇਵਾਰੀ ਹੁਣ ਮੇਰੀ ਹੋਵੇਗੀ। ਪ੍ਰਾਈਵੇਟ ਸਕੂਲਾਂ ਦੀ ਲੁੱਟ ਬੰਦ ਕਰਾਂਗੇ। ਦਿੱਲੀ ਵਰਗੇ ਸ਼ਾਨਦਾਰ ਸਰਕਾਰੀ ਸਕੂਲ ਬਣਾਵਾਂਗੇ। ਜਿੰਨੇ ਵੀ ਅਸਥਾਈ ਅਧਿਆਪਕ ਹਨ, ਉਨ੍ਹਾਂ ਨੂੰ ਪੱਕਾ ਕਰਾਂਗੇ। ਅਧਿਆਪਕਾਂ ਤੋਂ ਪੜ੍ਹਾਈ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਕਰਾਵਾਂਗੇ, ਸਿਹਤ ਦੀ ਵੀ ਗਰੰਟੀ ਹੈ। ਤੁਹਾਡੇ ਪਰਵਾਰ ਨੂੰ ਚੰਗਾ ਇਲਾਜ ਕਰਵਾਉਣ ਦੀ ਗਰੰਟੀ ਵੀ ਸਾਡੀ ਹੋਵੇਗੀ। ਕੇਜਰੀਵਾਲ ਨੇ ਕਿਹਾ—ਅਸੀਂ ਰਾਜਸਥਾਨ ਨੂੰ ਕੁਰੱਪਸ਼ਨ ਮੁਕਤ ਬਣਾਵਾਂਗੇ। ਸਰਕਾਰ ਕੋਲ ਪੈਸੇ ਦੀ ਕਮੀ ਨਹੀਂ, ਬਸ ਕੁਰੱਪਸ਼ਨ ਨੂੰ ਰੋਕਣ ਦੀ ਜ਼ਰੂਰਤ ਹੈ। ਹਰ ਪਿੰਡ ਅਤੇ ਸ਼ਹਿਰ 'ਚ ਮੁਹੱਲਾ ਕਲੀਨਿਕ ਖੋਲ੍ਹਾਂਗੇ। ਸ਼ਹੀਦ ਹੋਣ ਵਾਲੇ ਸੈਨਿਕਾਂ ਦੇ ਪਰਵਾਰਾਂ ਨੂੰ ਇੱਕ ਕਰੋੜ ਤੇ ਰੁਜ਼ਗਾਰ ਦੀ ਗਰੰਟੀ ਦੇਵਾਂਗੇ।

ਉਨ੍ਹਾ 'ਇੱਕ ਦੇਸ਼, ਇੱਕ ਚੋਣ' ਦਾ ਵਿਰੋਧ ਕਰਦੇ ਹੋਏ ਕਿਹਾ ਕਿ ਸਾਲ 'ਚ ਘੱਟੋ-ਘੱਟ ਚਾਰ ਵਾਰ ਚੋਣਾਂ ਹੋਣੀਆਂ ਚਾਹੀਦੀਆਂ। 'ਇੱਕ ਦੇਸ਼, 20 ਚੋਣਾਂ' ਦਾ ਨਾਅਰਾ ਦਿੰਦੇ ਹੋਏ ਕੇਜਰੀਵਾਲ ਨੇ ਕਿਹਾ ਜੇ ਹਰ ਤਿੰਨ ਮਹੀਨੇ 'ਚ ਚੋਣਾਂ ਹੋਣਗੀਆਂ ਤਾਂ ਨੇਤਾ ਜਨਤਾ ਦੇ ਸਾਹਮਣੇ ਆਉਣਗੇ। ਉਨ੍ਹਾ ਕਿਹਾ ਕਿ 9 ਸਾਲ ਪ੍ਰਧਾਨ ਮੰਤਰੀ ਰਹਿਣ ਤੋਂ ਬਾਅਦ ਮੋਦੀ ਇਸ ਤਰ੍ਹਾਂ ਕਹਿ ਰਹੇ ਹਨ ਤਾਂ ਇਸ ਦਾ ਮਤਲਬ ਹੈ ਕਿ ਉਨ੍ਹਾ ਕੋਈ ਕੰਮ ਨਹੀਂ ਕੀਤਾ। ਕੇਜਰੀਵਾਲ ਨੇ ਕਿਹਾ ਕਿ ਜੇ 'ਇੱਕ ਦੇਸ਼, ਇਕ ਚੋਣ' ਹੋ ਗਿਆ ਤਾਂ ਸਿਲੰਡਰ 5 ਹਜ਼ਾਰ ਅਤੇ ਟਮਾਟਰ 1500 ਰੁਪਏ ਕਿੱਲੋ ਹੋ ਜਾਣਗੇ।

ਕੇਜਰੀਵਾਲ ਨੇ ਪ੍ਰਧਾਨ ਮੰਤਰੀ ਅਤੇ ਅਡਾਨੀ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ—ਪ੍ਰਧਾਨ ਮੰਤਰੀ ਨੇ ਅੱਜਕੱਲ੍ਹ ਇੱਕ ਹੋਰ ਨਾਅਰਾ ਦਿੱਤਾ ਹੈ 'ਇੱਕ ਦੇਸ਼, ਇੱਕ ਦੋਸਤ'। ਮੋਦੀ ਜੀ ਦੇ ਇੱਕੋ-ਇੱਕ ਦੋਸਤ ਬਾਰੇ ਤੁਸੀਂ ਸਾਰੇ ਜਾਣਦੇ ਹੋ। ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਦੇਸ਼ ਦੇ ਸਾਰੇ ਏਅਰਪੋਰਟ ਇੱਕ ਹੀ ਦੋਸਤ ਨੂੰ ਦੇਣੇ ਚਾਹੀਦੇ ਹਨ। ਦੇਸ਼ ਦੀਆਂ ਸਾਰੀਆਂ ਬਿਜਲੀ ਕੰਪਨੀਆਂ ਇਕ ਹੀ ਦੋਸਤ ਨੂੰ ਦੇਣੀਆਂ ਚਾਹੀਦੀਆਂ ਹਨ। ਅਗਲੀ ਵਾਰ ਇਸ ਤਰ੍ਹਾਂ ਦਾ ਪ੍ਰਧਾਨ ਮੰਤਰੀ ਚੁਣਨਾ, ਜੋ 140 ਕਰੋੜ ਲੋਕਾਂ ਲਈ ਕੰਮ ਕਰੇ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, ਅਸੀਂ ਰਾਜਸਥਾਨ ਨੂੰ ਦਿੱਲੀ, ਪੰਜਾਬ ਦੀ ਤਰਜ਼ 'ਤੇ ਭ੍ਰਿਸ਼ਟਾਚਾਰ ਮੁਕਤ ਕਰਾਂਗੇ। ਅਸਥਾਈ ਕਰਮਚਾਰੀਆਂ ਨੂੰ ਅਸੀਂ ਪਰਮਾਨੈਂਟ ਕਰਾਂਗੇ। ਪੰਜਾਬ 'ਚ ਸੱਤਾ 'ਚ ਆਏ ਤਾਂ ਵੱਡੀ ਗਿਣਤੀ 'ਚ ਅਸਥਾਈ ਕਰਮਚਾਰੀ ਸਨ। ਕਹਿੰਦੇ ਸਨ ਕੱਚੇ ਕਰਮਚਾਰੀ ਹਨ, ਅਸੀਂ ਕਿਹਾ, ਹੁਣ ਤਾਂ ਕੱਚੇ ਘਰਾਂ ਦਾ ਜ਼ਮਾਨਾ ਗਿਆ, ਨੌਕਰੀ ਕਿਸ ਤਰ੍ਹਾਂ ਕੱਚੀ ਰਹਿ ਸਕਦੀ ਹੈ। ਅਸੀਂ ਮੁਲਾਜ਼ਮਾਂ ਨੂੰ ਪੱਕੇ ਕਰ ਰਹੇ ਹਾਂ, ਅਸੀਂ ਰਾਜਸਥਾਨ 'ਚ ਵੀ ਮੁਲਾਜ਼ਮਾਂ ਨੂੰ ਪੱਕੇ ਕਰਾਂਗੇ। ਮਾਨ ਨੇ ਕਿਹਾ ਕਿ ਅਸੀਂ ਜੁਮਲੇ ਵਾਲੇ ਨਹੀਂ, ਅਸੀਂ ਉਹੀ ਗਰੰਟੀਆਂ ਦਿੰਦੇ ਹਾਂ, ਜੋ ਪੂਰੀਆਂ ਕਰ ਸਕਦੇ ਹਾਂ। ਨੀਅਤ ਸਾਫ਼ ਹੈ ਤਾਂ ਸਭ ਪੂਰਾ ਹੋ ਸਕਦਾ ਹੈ। ਅਸੀਂ ਪੰਜਾਬ 'ਚ ਬਿਜਲੀ ਫਰੀ ਕਰਨ ਦਾ ਵਾਅਦਾ ਕੀਤਾ ਸੀ। ਸਾਡੇ ਤੋਂ ਪੁੱਛਿਆ ਕਿ ਫਰੀ ਬਿਜਲੀ ਕਿਸ ਤਰ੍ਹਾਂ ਦੇਵੋਗੇ? ਸਾਨੂੰ ਪਤਾ ਸੀ ਕਿ ਜੋ ਸਾਡੇ 'ਤੇ ਸਵਾਲ ਚੁੱਕਦੇ ਹਨ, ਪੈਸਾ ਤਾਂ ਉਥੋਂ ਹੀ ਆਉਣਾ ਹੈ। ਅਸੀਂ ਭ੍ਰਿਸ਼ਟਾਚਾਰੀਆਂ ਨੂੰ ਫੜਨਾ ਸ਼ੁਰੂ ਕਰ ਦਿੱਤਾ ਤਾਂ ਨੋਟ ਗਿਣਨ ਦੀਆਂ ਮਸ਼ੀਨਾਂ ਮੰਗਵਾਉਣੀਆਂ ਪਈਆਂ, ਪੈਸਾ ਤਾਂ ਉਥੇ ਹੀ ਰੁਕਿਆ ਹੋਇਆ ਸੀ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਨੇ ਦਿੱਲੀ 'ਚ ਜੋ ਕਰਕੇ ਦਿਖਾਇਆ, ਉਹੀ ਮਾਡਲ ਪੰਜਾਬ 'ਚ ਅਪਣਾਇਆ। ਮੁਹੱਲਾ ਕਲੀਨਿਕ ਸ਼ਾਨਦਾਰ ਚੱਲ ਰਹੇ ਹਨ। ਸਕੂਲਾਂ ਦੀ ਦਸ਼ਾ ਸੁਧਾਰ ਦਿੱਤੀ ਹੈ। ਦਿੱਲੀ ਦੇ ਸਰਕਾਰੀ ਸਕੂਲਾਂ 'ਚ ਜੱਜਾਂ ਤੱਕ ਦੇ ਬੱਚੇ ਪੜ੍ਹਦੇ ਹਨ। ਅਸੀਂ ਸ਼ਹੀਦਾਂ ਦੇ ਪਰਵਾਰਾਂ ਨੂੰ ਇੱਕ ਕਰੋੜ ਰੁਪਏ ਦੇ ਰਹੇ ਹਾਂ।

ਭਗਵੰਤ ਮਾਨ ਨੇ ਪ੍ਰਧਾਨ ਮੰਤਰੀ 'ਤੇ ਵਿਅੰਗ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਹੋਸਟਲ ਫੀਸ 'ਤੇ 12 ਫੀਸਦੀ ਜੀ ਐੱਸ ਟੀ ਲਾਉਣਾ ਚਾਹੁੰਦੀ ਹੈ। ਮੋਦੀ ਜੀ ਕਦੀ ਵੀ ਇਹ ਨਾਅਰਾ ਦੇ ਸਕਦੇ ਹਨ, 'ਨਾ ਖੁਦ ਪੜ੍ਹਨਾ, ਨਾ ਕਿਸੇ ਨੂੰ ਪੜ੍ਹਨ ਦੇਣਾ।' ਮੈਂ ਪਾਰਲੀਮੈਂਟ 'ਚ ਕਿਹਾ ਸੀ, ਮੋਦੀ ਮੇਰੇ ਸਾਹਮਣੇ ਬੈਠੇ ਸਨ। ਮੈਂ ਕਿਹਾ ਸੀ, '15 ਲੱਖ ਦੀ ਰਕਮ ਲਿਖਦਾ ਹਾਂ ਤਾਂ ਕਲਮ ਰੁਕ ਜਾਂਦੀ ਹੈ, ਕਾਲੇ ਧਨ ਬਾਰੇ ਸੋਚਦਾ ਹਾਂ ਤਾਂ ਸਿਆਹੀ ਸੁੱਕ ਜਾਂਦੀ ਹੈ।' ਉਹਨਾ ਦੀ ਹਰ ਗੱਲ ਹੀ ਜੁਮਲਾ ਨਿਕਲੀ।

ਦਵਿੰਦਰ ਸਿੰਘ ਸੰਧੂ ਨਮਿਤ ਸ਼ਰਧਾਂਜਲੀ ਸਮਾਗਮ

ਸੰਧੂ ਹਰ ਪਲ ਲੋਕਾਂ ਨੂੰ ਸਮਰਪਤ ਰਹੇ : ਪਨੂੰ

ਸੰਘਰਸ਼ ਦੌਰਾਨ ਸੰਧੂ ਕਦੇ ਨਹੀਂ ਡੋਲੇ : ਬਰਾੜ

ਮੋਗਾ/ਸ਼ਾਹਕੋਟ (ਗਿਆਨ ਸੈਦਪੁਰੀ) ਕਾਮਰੇਡ ਦਵਿੰਦਰ ਸਿੰਘ ਸੰਧੂ ਨੂੰ ਵੱਖ-ਵੱਖ ਆਗੂਆਂ ਨੇ ਭਰਪੂਰ ਸਰਧਾਂਜਲੀਆਂ ਭੇਟ ਕੀਤੀਆਂ। ਉਹ ਲੰਘੀ 25 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾ ਦੇ ਗ੍ਰਹਿ ਮੋਗਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪੈਣ ਉਪਰੰਤ ਗੁਰਦਵਾਰਾ ਬੀਬੀ ਕਾਹਨ ਕੌਰ ਮੋਗਾ 'ਚ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਇਸ ਉਪਰੰਤ ਸਰਧਾਂਜਲੀ ਸਮਾਗਮ ਹੋਇਆ।

ਨਾਮਵਰ ਪੱਤਰਕਾਰ ਅਤੇ ਵਿਸ਼ਲੇਸ਼ਕ ਜਤਿੰਦਰ ਪਨੂੰ ਨੇ 47 ਸਾਲ ਦੀਆਂ ਸਾਂਝਾਂ ਨੂੰ ਚੇਤੇ ਕਰਦਿਆਂ ਕਿਹਾ ਕਿ ਮੈਂ ਜਿਨ੍ਹਾਂ ਕੋਲੋਂ ਕੁਝ ਸਿੱਖਿਆ, ਕਾਮਰੇਡ ਦਵਿੰਦਰ ਸਿੰਘ ਸੰਧੂ ਉਹਨਾਂ 'ਚੋਂ ਇੱਕ ਸਨ। ਸੰਧੂ ਹੁਰਾਂ ਤਾ-ਜ਼ਿੰਦਗੀ ਸਮੁੱਚੇ ਸਮਾਜ ਦੇ ਫਿਕਰਾਂ ਦੀ ਬਾਂਹ ਫੜੀ ਰੱਖੀ। ਉਹ ਜਾਣਦੇ ਸਨ ਕਿ ਦੇਸ਼ ਨਾਲੋਂ ਵੱਧ ਪਿਆਰੇ ਇਸ ਦੇ ਲੋਕ ਹੁੰਦੇ ਹਨ। ਇਸ ਸਮਝ ਅਨੁਸਾਰ ਉਹ ਹਰ ਪਲ ਲੋਕਾਂ ਨੂੰ ਸਮਰਪਿਤ ਰਹੇ। ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਆਪਣੇ ਯੁੱਧ ਸਾਥੀ ਰਹੇ ਸੰਧੂ ਨੂੰ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਜਾਣਾ ਤਾਂ ਸਭ ਨੇ ਹੈ, ਪਰ ਕੁਝ ਲੋਕ ਦਵਿੰਦਰ ਸਿੰਘ ਵਰਗੇ ਹੁੰਦੇ ਹਨ, ਜੋ ਸਮਾਜ 'ਚ ਸਦੀਵੀ ਪੈੜਾਂ ਪਾ ਜਾਂਦੇ ਹਨ। ਉਨ੍ਹਾ ਕਿਹਾ ਕਿ ਸੰਧੂ ਸੰਘਰਸ਼ ਦੌਰਾਨ ਕਦੇ ਵੀ ਡੋਲੇ ਨਹੀਂ। ਉਹਨਾ ਦਵਿੰਦਰ ਸਿੰਘ ਦੇ ਤੁਰ ਜਾਣ ਵੇਲੇ ਮੁਲਕ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਾਕਮਾਂ ਨੇ ਸੰਘੀ ਢਾਂਚਾ ਤਬਾਹ ਕਰ ਦਿੱਤਾ ਹੈ। ਫਿਰਕਾਪ੍ਰਸਤੀ ਪੂਰੇ ਦੇਸ਼ 'ਚ ਫੈਲਾਅ ਦਿੱਤੀ ਗਈ ਹੈ। ਇਹੋ ਜਿਹੇ ਸਮਿਆਂ 'ਚ ਦਵਿੰਦਰ ਸਿੰਘ ਵਰਗੇ ਧਰਤੀ ਪੁੱਤਰਾਂ ਦੀ ਬੜੀ ਲੋੜ ਹੁੰਦੀ ਹੈ। ਐਪਸੋ ਦੇ ਆਗੂ ਡਾਕਟਰ ਪਵਨ ਕੁਮਾਰ ਥਾਪਰ ਨੇ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਐਡਵੋਕੇਟ ਦਵਿੰਦਰ ਸਿੰਘ ਸੰਧੂ ਸੰਘਰਸ਼ ਦੀ ਗੁੜ੍ਹਤੀ ਲੈ ਕੇ ਪੈਦਾ ਹੋਏ, ਜਵਾਨੀ ਲੋਕਾਂ ਦੇ ਲੇਖੇ ਲਾ ਦਿੱਤੀ ਤੇ ਆਖਰੀ ਸਾਹ ਲੈਣ ਤੱਕ ਸੰਘਰਸ਼ ਦੇ ਪਾਂਧੀ ਰਹੇ। ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਸੂਰਤ ਸਿੰਘ ਧਰਮਕੋਟ ਨੇ ਭਾਵਭਿੰਨੀ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਦਵਿੰਦਰ ਸਿੰਘ ਸੰਧੂ ਸਾਰੀ ਉਮਰ ਚੈਲੰਜ ਕਬੂਲਦੇ ਰਹੇ, ਉਹ ਵੀ ਖਿੜੇ ਮੱਥੇ। ਗੁਰਮੀਤ ਜੱਜ ਨੇ ਦਵਿੰਦਰ ਸਿੰਘ ਸੰਧੂ ਬਾਰੇ ਇੱਕ ਕਵਿਤਾ ਪੜ੍ਹੀ। ਇਹ ਕਵਿਤਾ ਦਵਿੰਦਰ ਸਿੰਘ ਸੰਧੂ ਦੀ ਲੋਕ-ਪੱਖੀ ਜ਼ਿੰਦਗੀ ਦਾ ਝਲਕਾਰਾ ਪੇਸ਼ ਕਰ ਗਈ। ਇਸ ਮੌਕੇ ਬਾਰ ਐਸੋਸੀਏਸ਼ਨ ਮੋਗਾ ਤੇ ਜ਼ੀਰਾ, ਨੰਬਰਦਾਰ ਯੂਨੀਅਨ, ਹਰਦੀਪ ਸਿੰਘ ਲੋਧੀ ਅਤੇ ਡਾਕਟਰ ਇੰਦਰਬੀਰ ਆਦਿ ਦੇ ਸ਼ੋਕ ਸੰਦੇਸ਼ ਪੜ੍ਹ ਕੇ ਸੁਣਾਏ ਗਏ। ਪਰਵਾਰ ਵੱਲੋਂ ਐਪਸੋ, ਕੁੱਲ ਹਿੰਦ ਕਿਸਾਨ ਸਭਾ, ਬੀਰ ਭਵਨ ਧਰਮਕੋਟ ਅਤੇ ਕੁਝ ਹੋਰ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਭੇਟ ਕੀਤੀ। ਅੰਤ 'ਚ ਦਵਿੰਦਰ ਸਿੰਘ ਸੰਧੂ ਦੀ ਧੀ ਸਪਨਦੀਪ ਅਤੇ ਪੁੱਤਰ ਅਮਨਦੀਪ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਬਾਪ ਨੇ ਜਿੰਨਾ ਪਰਵਾਰ ਦਾ ਸਮਾਜ 'ਚ ਮਾਣ ਵਧਾਇਆ, ਉਸ ਦਾ ਲੇਖਾ ਇੱਕ ਜਨਮ 'ਚ ਨਹੀਂ ਮੋੜਿਆ ਜਾ ਸਕਦਾ। ਉਨ੍ਹਾਂ ਆਪਣੇ ਪਿਤਾ ਦੀਆਂ ਯਾਦਾ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਅਕਸਰ ਕਿਹਾ ਕਰਦੇ ਸਨ ਕਿ ਲੋਕ ਹੱਕਾਂ ਲਈ ਲੜਾਈ ਕਲਮ ਨਾਲ ਵੀ ਲੜੀ ਜਾਂਦੀ ਹੈ। ਇਸ ਮੌਕੇ ਦਵਿੰਦਰ ਸਿੰਘ ਸੰਧੂ ਦਾ ਹਰਮਨ-ਪਿਆਰਾ ਗੀਤ, 'ਉਹ ਸਵੇਰਾ ਆ ਗਿਆ ਹਨੇਰਿਆਂ ਨੂੰ ਚੀਰਦਾ' ਉਨ੍ਹਾਂ ਆਪਣੀ ਆਵਾਜ਼ 'ਚ ਸੁਣਾਇਆ। ਸਰਧਾਂਜਲੀ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਅਤੇ ਸੁਖਵਿੰਦਰ ਸਿੰਘ ਵੀ ਸ਼ਾਮਲ ਸਨ।

ਭਾਰਤ ਨੂੰ ਮਨੀਪੁਰ ਤੇ ਹਰਿਆਣਾ ਬਣਨ ਤੋਂ ਰੋਕਣ ਲਈ 'ਇੰਡੀਆ' ਨੂੰ ਜਿਤਾਉਣਾ ਹੋਵੇਗਾ : ਸਟਾਲਿਨ

ਨਵੀਂ ਦਿੱਲੀ : ਡੀ ਐੱਮ ਕੇ ਪ੍ਰਧਾਨ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਆਪਣੀ ਪਾਡਕਾਸਟ ਸੀਰੀਜ਼ ਦੇ ਪਹਿਲੇ ਭਾਗ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ 'ਤੇ ਹਮਲਾ ਬੋਲਿਆ। ਸੋਮਵਾਰ ਸਵੇਰੇ ਚਾਰ ਵੱਖ-ਵੱਖ ਭਾਸ਼ਾਵਾਂ ਮਲਿਆਲਮ, ਤਮਿਲ, ਤੇਲਗੂ, ਕੰਨੜ ਅਤੇ ਹਿੰਦੀ 'ਚ ਜਾਰੀ ਕੀਤੇ ਗਏ ਆਪਣੇ ਪਹਿਲੇ ਪਾਡਕਾਸਟ ਭਾਗ 'ਸਪੀਕਿੰਗ ਫਾਰ ਇੰਡੀਆ' 'ਚ ਸਟਾਲਿਨ ਨੇ ਦਾਅਵਾ ਕੀਤਾ ਕਿ ਕੇਂਦਰ ਦੀ ਸੱਤਾਧਾਰੀ ਪਾਰਟੀ ਭਾਜਪਾ ਨੇ ਆਪਣੇ ਪਿਛਲੇ ਨੌਂ ਸਾਲਾਂ ਦੇ ਕਾਰਜਕਾਲ 'ਚ ਸਮਾਜਕ ਕਲਿਆਣ ਦੇ ਸੰਬੰਧ 'ਚ ਕੋਈ ਵੀ ਚੋਣ ਵਾਅਦਾ ਪੂਰਾ ਨਹੀਂ ਕੀਤਾ। ਤਾਮਿਲ ਮੁੱਖ ਮੰਤਰੀ ਨੇ ਭਾਜਪਾ 'ਤੇ ਚਾਰੇ ਪਾਸਿਓਂ ਹਮਲਾ ਬੋਲਦੇ ਹੋਏ ਕਿਹਾ, 'ਵਾਅਦਿਆਂ ਮੁਤਾਬਕ ਸਾਰੇ ਨਾਗਰਿਕਾਂ ਦੇ ਖਾਤਿਆਂ 'ਚ 15-15 ਲੱਖ ਰੁਪਏ ਜਮ੍ਹਾਂ ਨਹੀਂ ਕੀਤੇ ਗਏ, ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋਈ, ਪ੍ਰਤੀ ਸਾਲ ਦੋ ਕਰੋੜ ਨੌਕਰੀਆਂ ਦਾ ਵਾਅਦਾ ਕੀਤਾ ਗਿਆ, ਪਰ ਇਸ ਤਰ੍ਹਾਂ ਨਹੀਂ ਹੋਇਆ।' ਇਸ ਦੇ ਜਵਾਬ 'ਚ ਭਾਜਪਾ ਨੇ ਕਿਹਾ, 'ਪ੍ਰਧਾਨ ਮੰਤਰੀ ਮੋਦੀ ਨੇ ਕਦੀ ਵਾਅਦਾ ਨਹੀਂ ਕੀਤਾ ਸੀ ਕਿ ਸਾਰਿਆਂ ਦੇ ਖਾਤਿਆਂ 'ਚ 15 ਲੱਖ ਆਉਣਗੇ।'

ਸਟਾਲਿਨ ਨੇ ਉੱਤਰ-ਪੂਰਬੀ ਸੂਬੇ ਮਨੀਪੁਰ 'ਚ ਵੱਡੇ ਪੈਮਾਨੇ 'ਤੇ ਹੋਈ ਜਾਤੀ ਹਿੰਸਾ ਅਤੇ ਹਾਲ ਹੀ 'ਚ ਹਰਿਆਣਾ ਦੇ ਮੇਵਾਤ 'ਚ ਇੱਕ ਧਾਰਮਕ ਜਲੂਸ 'ਤੇ ਹਮਲੇ ਤੋਂ ਬਾਅਦ ਹੋਈ ਸੰਪ੍ਰਦਾਇਕ ਹਿੰਸਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਜੇਕਰ 'ਇੰਡੀਆ' ਗਠਜੋੜ ਨਾ ਜਿੱਤਿਆ, ਤਾਂ ਪੂਰਾ ਭਾਰਤ ਮਨੀਪੁਰ ਅਤੇ ਹਰਿਆਣਾ ਬਣਾ ਦਿੱਤਾ ਜਾਵੇਗਾ। ਇਸ ਲਈ ਪੂਰੇ ਭਾਰਤ ਨੂੰ ਮਨੀਪੁਰ ਅਤੇ ● ਬਾਕੀ ਸਫ਼ਾ 7 'ਤੇ

ਚੀਨੀ ਰਾਸ਼ਟਰਪਤੀ ਦਾ ਜੀ-20 ਸਿਖਰ ਸੰਮੇਲਨ 'ਚ ਨਾ ਆਉਣਾ ਨਿਰਾਸ਼ਾਜਨਕ : ਬਾਇਡਨ

ਵਾਸ਼ਿੰਗਟਨ : ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਜੀ-20 ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਭਾਰਤ ਨਹੀਂ ਆ ਰਹੇ। ਉਨ੍ਹਾ ਦੀ ਜਗ੍ਹਾ ਚੀਨ ਦੇ ਪ੍ਰੀਮੀਅਰ ਪ੍ਰਧਾਨ ਮੰਤਰੀ ਲੀ ਕਿਯਾਂਗ ਜੀ-20 ਸਿਖਰ ਸੰਮੇਲਨ 'ਚ ਸ਼ਾਮਲ ਹੋਣਗੇ। ਇਸ 'ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਨਿਰਾਸ਼ਾ ਪ੍ਰਗਟਾਈ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਇਸ ਹਫਤੇ ਭਾਰਤ ਜਾਣ ਲਈ ਕਾਫੀ ਉਤਸੁਕ ਹਨ, ਪਰ ਨਿਰਾਸ਼ ਵੀ ਹਨ ਕਿ ਉਨ੍ਹਾ ਦੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨਵੀਂ ਦਿੱਲੀ 'ਚ ਹੋਣ ਵਾਲੇ ਜੀ-20 ਸੰਮੇਲਨ 'ਚ ਸ਼ਾਮਲ ਨਹੀਂ ਹੋਣਗੇ। ਵ੍ਹਾਈਟ ਹਾਊਸ

5-Sep-PAGE-4.qxd 9/4/2023 10:26 PM Page 1

ਨਵਾਂ ਜ਼ਮਾਨਾ
ਮੰਗਲਵਾਰ, 5 ਸਤੰਬਰ 2023

ਦੋਹੀਂ ਦਲੀਂ ਮੁਕਾਬਲਾ

ਇਸ ਸਮੇਂ 'ਇੰਡੀਆ' ਤੇ ਐੱਨ ਡੀ ਏ ਗੱਠਜੋੜਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਡੰਡ-ਬੈਠਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ। 'ਇੰਡੀਆ' ਮੁੰਬਈ ਵਿੱਚ ਹੋਈ ਆਪਣੀ ਤੀਜੀ ਬੈਠਕ ਤੋਂ ਬਾਅਦ ਇੱਕ ਨਾਂਅ, ਇੱਕ ਨਾਅਰੇ ਤੇ 14 ਮੈਂਬਰੀ ਤਾਲਮੇਲ ਕਮੇਟੀ ਨਾਲ ਪਹਿਲਾ ਪੜਾਅ ਪੂਰਾ ਕਰ ਚੁੱਕਾ ਹੈ। ਉਸ ਲਈ ਸਭ ਤੋਂ ਵੱਡੀ ਚੁਣੌਤੀ ਇੱਕ ਸੀਟ ਇੱਕ ਉਮੀਦਵਾਰ ਦੇ ਫੈਸਲੇ ਦੀ ਹੋਵੇਗੀ। ਸੀਟਾਂ ਦੀ ਵੰਡ ਲਈ 30 ਸਤੰਬਰ ਦੀ ਸਮਾਂ-ਸੀਮਾ ਤੈਅ ਕੀਤੀ ਗਈ ਹੈ। ਆਪਣੇ ਮਤੇ ਵਿੱਚ ਮੀਟਿੰਗ ਨੇ ਸੀਟਾਂ ਦੀ ਤਾਲਮੇਲ ਬਾਰੇ ਸ਼ਬਦ 'ਜਿੱਥੋਂ ਤੱਕ ਸੰਭਵ ਹੋ ਸਕਿਆ' ਇਸ ਕਰਕੇ ਪਾਇਆ ਹੈ, ਕਿਉਂਕਿ ਹੋ ਸਕਦਾ ਹੈ ਕਿ ਕੁਝ ਸੀਟਾਂ 'ਤੇ ਭਰਾਤਰੀ ਮੁਕਾਬਲੇ ਵੀ ਹੋਣ। ਖਾਸ ਤੌਰ 'ਤੇ ਪੱਛਮੀ ਬੰਗਾਲ ਵਿੱਚ ਅਜਿਹਾ ਹੋ ਸਕਦੇ ਹੈ ਕਿ ਭਾਜਪਾ ਵਿਰੁੱਧ ਸੀ ਪੀ ਐੱਮ-ਕਾਂਗਰਸ ਗੱਠਜੋੜ ਤੇ ਟੀ ਐੱਮ ਸੀ ਆਪਣੇ-ਆਪਣੇ ਉਮੀਦਵਾਰ ਖੜੇ ਕਰਨ। ਇਸ ਸੰਬੰਧੀ ਮੀਟਿੰਗ ਵਿੱਚ ਕਾਂਗਰਸ ਤੇ ਟੀ ਐੱਮ ਸੀ ਵਿੱਚ ਤਲਖੀ ਦੇਖਣ ਨੂੰ ਮਿਲੀ ਸੀ। ਅਸਲ ਵਿੱਚ ਟੀ ਐੱਮ ਸੀ ਚਾਹੁੰਦੀ ਹੈ ਕਿ ਕਾਂਗਰਸ ਖੱਬੇ-ਪੱਖੀ ਮੋਰਚੇ ਵਿੱਚੋਂ ਬਾਹਰ ਆ ਕੇ ਉਸ ਨਾਲ ਗੱਠਜੋੜ ਕਰੇ, ਪਰ ਕਾਂਗਰਸ ਅਜਿਹਾ ਕਰਨ ਲਈ ਤਿਆਰ ਨਹੀਂ ਹੈ। ਇਸ ਤੋਂ ਇਲਾਵਾ 80 ਸੀਟਾਂ ਵਾਲੇ ਉੱਤਰ ਪ੍ਰਦੇਸ਼ ਵਿੱਚ ਸੀਟਾਂ ਦੀ ਸੁਚਾਰੂ ਵੰਡ ਵੀ ਇੱਕ ਵੱਡਾ ਮਸਲਾ ਹੈ। 'ਇੰਡੀਆ' ਲਈ ਸਭ ਤੋਂ ਚੰਗੀ ਗੱਲ ਇਹ ਹੈ ਕਿ 88 ਸੀਟਾਂ ਵਾਲੇ ਬਿਹਾਰ ਤੇ ਮਹਾਰਾਸ਼ਟਰ ਵਿੱਚ 'ਇੰਡੀਆ' ਭਾਈਵਾਲਾਂ ਦੇ ਪਹਿਲਾਂ ਤੋਂ ਹੀ ਗੱਠਜੋੜ ਕਾਇਮ ਹਨ। ਸਿਰਫ਼ ਸੀਟਾਂ ਦੀ ਵੰਡ ਦਾ ਹੀ ਮਸਲਾ ਹੈ। ਪੰਜਾਬ ਤੇ ਦਿੱਲੀ ਵਿੱਚ ਕਾਂਗਰਸ ਤੇ ਆਮ ਆਦਮੀ ਪਾਰਟੀ ਵਿੱਚ ਵੀ ਸੀਟਾਂ ਦੀ ਵੰਡ ਦਾ ਮਸਲਾ ਕਾਫ਼ੀ ਪੇਚੀਦਾ ਹੈ। ਆਮ ਆਦਮੀ ਪਾਰਟੀ ਇਨ੍ਹਾਂ ਰਾਜਾਂ ਵਿੱਚ ਕਾਂਗਰਸ ਨੂੰ ਵੱਧ ਸੀਟਾਂ ਦੇਣ ਦੇ ਇਵਜ਼ ਵਿੱਚ ਹਰਿਆਣਾ ਤੇ ਰਾਜਸਥਾਨ ਵਿੱਚ ਹਿੱਸਾ ਚਾਹੇਗੀ। ਇੱਕ ਗੱਲ ਤਾਂ ਸਾਫ਼ ਹੈ ਕਿ 'ਇੰਡੀਆ' ਗੱਠਜੋੜ ਵਿੱਚ ਸ਼ਾਮਲ ਧਿਰਾਂ ਭਾਜਪਾ ਵਿਰੁੱਧ ਪੂਰੀ ਤਨਦੇਹੀ ਨਾਲ ਲੜ ਰਹੀਆਂ ਹਨ, ਦੂਜੇ ਪਾਸੇ ਐੱਨ ਡੀ ਏ ਵਿੱਚ ਸ਼ਾਮਲ ਧਿਰਾਂ ਸਿਰਫ਼ ਇਹ ਦੇਖ ਰਹੀਆਂ ਹਨ ਕਿ ਉਨ੍ਹਾਂ ਦੇ ਹਿੱਸੇ ਕੀ ਆਉਂਦਾ ਹੈ। ਐੱਨ ਡੀ ਏ ਵਿੱਚ ਸਿਰਫ਼ ਭਾਜਪਾ ਹੈ, ਜੋ 'ਇੰਡੀਆ' ਵਿੱਚ ਸ਼ਾਮਲ ਪਾਰਟੀਆਂ ਨੂੰ ਤਾਹਨੇ-ਮਿਹਣੇ ਮਾਰ ਰਹੀ ਹੈ, ਬਾਕੀ ਚੁੱਪਚਾਪ ਤਮਾਸ਼ਾ ਦੇਖ ਰਹੇ ਹਨ।

ਅਸਲ ਵਿੱਚ ਭਾਜਪਾ ਕੋਲ ਕਹਿਣ ਲਈ ਕੁਝ ਹੈ ਵੀ ਨਹੀਂ। ਡੈਮੋਕਰੇਸੀ ਇੰਡੈਕਸ ਵਿੱਚ ਭਾਰਤ 108ਵੇਂ, ਭੁੱਖਮਰੀ ਇੰਡੈਕਸ ਵਿੱਚ 107ਵੇਂ, ਪ੍ਰੈੱਸ ਫਰੀਡਮ ਇੰਡੈਕਸ ਵਿੱਚ 161ਵੇਂ, ਪ੍ਰਤੀ ਵਿਅਕਤੀ ਆਮਦਨ ਵਿੱਚ 128ਵੇਂ ਤੇ ਲਿੰਗ ਅਸਮਾਨਤਾ ਵਿੱਚ 127ਵੇਂ ਨੰਬਰ ਉੱਤੇ ਪੁੱਜ ਚੁੱਕਾ ਹੈ। ਬੇਰੁਜ਼ਗਾਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਸਿਖਰਾਂ ਛੂਹ ਰਹੇ ਹਨ। ਹਰ ਸਾਲ ਦੋ ਕਰੋੜ ਨੌਕਰੀਆਂ ਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਖੋਖਲੇ ਸਾਬਤ ਹੋ ਚੁੱਕੇ ਹਨ। ਇਨ੍ਹਾਂ ਵਾਅਦਿਆਂ ਦਾ ਮੋਦੀ ਸਰਕਾਰ ਨੂੰ ਜਨਤਾ ਦੀ ਕਚਹਿਰੀ ਵਿੱਚ ਜਵਾਬ ਦੇਣਾ ਪਵੇਗਾ। ਇਸ ਸਮੇਂ ਅਡਾਨੀ-ਮੋਦੀ ਦੇ ਰਿਸ਼ਤਿਆਂ ਓਹਲੇ ਛੁਪੇ ਹੋਏ ਭ੍ਰਿਸ਼ਟਾਚਾਰ ਨੇ ਮੋਦੀ ਦੀ ਨੀਂਦ ਉਡਾਈ ਹੋਈ ਹੈ। ਭਾਜਪਾ ਇਹ ਵੀ ਜਾਣਦੀ ਹੈ ਕਿ 'ਇੰਡੀਆ' ਵਿੱਚ ਸ਼ਾਮਲ ਪਾਰਟੀਆਂ 60 ਫ਼ੀਸਦੀ ਵੋਟਰਾਂ ਦੀ ਨੁਮਾਇੰਦਗੀ ਕਰਦੀਆਂ ਹਨ।

ਅਜਿਹੇ ਵਿੱਚ ਭਾਜਪਾ ਕਰੇ ਤਾਂ ਕੀ ਕਰੇ। ਮੇਰਾ ਇੱਕ ਦੋਸਤ ਬੀ ਏ ਪਹਿਲੇ ਸਾਲ ਵਿੱਚੋਂ ਫੇਲ੍ਹ ਹੋ ਗਿਆ। ਉਸ ਦਾ ਫੌਜੀ ਬਾਪ ਸੁਭਾਅ ਦਾ ਅੜਬੰਗ ਸੀ। ਆਪਣੇ ਮੁੰਡੇ ਨੂੰ ਫੌਜੀ ਦੀ ਕੁੱਟ ਤੋਂ ਬਚਾਉਣ ਲਈ ਮਾਂ ਨੇ ਸਾਰੇ ਮੁਹੱਲੇ ਵਿੱਚ ਮਠਿਆਈ ਵੰਡ ਦਿੱਤੀ ਕਿ ਮੁੰਡਾ ਫਸਟ ਆਇਆ ਹੈ। ਮੋਦੀ ਦੀ 'ਇੱਕ ਰਾਸ਼ਟਰ, ਇੱਕ ਚੋਣ' ਵੀ ਫੌਜੀ ਦੀ ਪਤਨੀ ਵਰਗਾ ਹੀ ਜਤਨ ਹੈ। ਇਸ ਦੇ ਨਾਲ ਹੀ ਬਿਨਾਂ ਏਜੰਡੇ ਦੇ ਸੰਸਦ ਦਾ ਸੈਸ਼ਨ ਸੱਦ ਲਿਆ ਗਿਆ ਹੈ। ਇਹ ਦੋ ਚੀਜ਼ਾਂ ਮੀਡੀਆ ਨੂੰ ਪਰੋਸ ਦਿੱਤੀਆਂ ਨੇ ਤੇ ਉਹ ਇਨ੍ਹਾਂ 'ਤੇ ਹੀ ਸੱਥਰ ਵਿਛਾਈ ਬੈਠਾ ਹੈ।

ਹਰ ਕੋਈ ਜਾਣਦਾ ਹੈ ਕਿ ਅਜਿਹਾ ਕੁਝ ਵੀ ਹੋਣ ਵਾਲਾ ਨਹੀਂ। ਮੋਦੀ ਨੇ 2014 ਵਿੱਚ ਹੀ ਇੱਕ ਰਾਸ਼ਟਰ ਤੇ ਇੱਕ ਚੋਣ 'ਤੇ ਜ਼ੋਰ ਦਿੱਤਾ ਸੀ, ਫਿਰ ਸਾਢੇ 9 ਸਾਲ ਇਸ ਨੂੰ ਠੰਢੇ ਬਸਤੇ ਵਿੱਚ ਪਾਈ ਰੱਖਿਆ। ਹੁਣ ਇੱਕ ਕਮੇਟੀ ਬਣਾ ਦਿੱਤੀ ਗਈ ਹੈ। 'ਇੱਕ ਰਾਸ਼ਟਰ, ਇੱਕ ਚੋਣ' ਲਈ ਸੰਵਿਧਾਨ ਦੇ ਬੁਨਿਆਦੀ ਢਾਂਚੇ ਵਿੱਚ ਸੋਧ ਕਰਨੀ ਪਵੇਗੀ। ਇਸ ਲਈ ਸੰਸਦ ਦੇ ਦੋਹਾਂ ਸਦਨਾਂ ਦਾ ਦੋ ਤਿਹਾਈ ਬਹੁਮਤ ਜ਼ਰੂਰੀ ਹੈ। 2024 ਦੀ ਚੋਣਾਂ ਤੋਂ ਪਹਿਲਾਂ ਅਜਿਹਾ ਸੰਭਵ ਹੀ ਨਹੀਂ। ਪ੍ਰਧਾਨ ਮੰਤਰੀ ਮੋਦੀ ਨੇ ਇੱਕ ਵਾਰ ਕਿਹਾ ਸੀ ਕਿ ਉਨ੍ਹਾ ਦੇ ਦਿਮਾਗ ਵਿੱਚ ਅਜਿਹਾ ਸਾਫਟਵੇਅਰ ਹੈ, ਜਿਹੜਾ ਕਦੇ ਛੋਟਾ ਸੋਚ ਹੀ ਨਹੀਂ ਸਕਦਾ, ਪਰ ਮੋਦੀ ਦਾ 'ਇੱਕ ਰਾਸ਼ਟਰ, ਇੱਕ ਚੋਣ' ਦਾ ਦਾਅ ਦੱਸ ਰਿਹਾ ਹੈ ਕਿ ਉਸ ਦੇ ਦਿਮਾਗ ਵਾਲਾ ਸਾਫਟਵੇਅਰ ਹੁਣ ਵੇਲਾ ਵਿਹਾਅ ਚੁੱਕਾ ਹੈ।

-ਚੰਦ ਫਤਿਹਪੁਰੀ

ਨਸ਼ੇ ਖਤਮ ਕਰਨ ਲਈ ਸਿਆਸੀ ਇੱਛਾ-ਸ਼ਕਤੀ ਦੀ ਲੋੜ

ਪਵਨ ਕੁਮਾਰ ਕੌਸ਼ਲ

ਪੰਜਾਬ ਅਤੇ ਵਿਦੇਸ਼ਾਂ ਵਿੱਚ ਨਸ਼ੇ ਦੀ ਓਵਰਡੋਜ਼ ਦੀ ਸਮੱਸਿਆ ਕਈ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਜਾਨ ਲੈ ਰਹੀ ਹੈ। ਇਕੱਲੇ 'ਆਪ' ਦੇ ਸ਼ਾਸਨ ਦੌਰਾਨ 200 ਤੋਂ ਵੱਧ ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ ਹੋਈਆਂ ਹਨ। ਪੰਜਾਬ ਸਰਕਾਰ ਦੀ ਨਸ਼ਿਆਂ ਨੂੰ ਅਪਰਾਧ ਤੋਂ ਮੁਕਤ ਕਰਨ ਦੀ ਯੋਜਨਾ ਹੈ ਅਤੇ ਨਸ਼ੀਲੇ ਪਦਾਰਥਾਂ ਦੇ ਨਾਲ ਫੜੇ ਗਏ ਨਸ਼ੇੜੀਆਂ ਨੂੰ ਮੁੜ ਵਸੇਬਾ ਕੇਂਦਰਾਂ ਵਿੱਚ ਭੇਜਿਆ ਜਾਵੇਗਾ। (ਇੰਡੀਆ ਟੂਡੇ 29-ਜੂਨ-2023)

ਚੰਡੀਗੜ੍ਹ ਦੇ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ ਜੀ ਆਈ ਐੱਮ ਈ ਆਰ) ਦੇ ਕਮਿਊਨਿਟੀ ਮੈਡੀਸਨ ਵਿਭਾਗ ਵੱਲੋਂ ਇਸ ਸਾਲ ਜਾਰੀ ਕੀਤੀ ਗਈ ਕਿਤਾਬ 'ਰੋਡਮੈਪ ਫਾਰ ਪ੍ਰੀਵੈਨਸ਼ਨ ਐਂਡ ਕੰਟਰੋਲ ਆਫ਼ ਸਬਸਟੈਂਸ ਅਬਿਊਜ਼ ਇਨ ਪੰਜਾਬ' ਵਿੱਚ ਦੱਸਿਆ ਗਿਆ ਹੈ ਕਿ 30 ਲੱਖ ਤੋਂ ਵੱਧ ਲੋਕ ਪੰਜਾਬ ਦੀ 15.4 ਫੀਸਦੀ ਆਬਾਦੀ ਇਸ ਸਮੇਂ ਨਸ਼ੇ ਦਾ ਸੇਵਨ ਕਰ ਰਹੀ ਹੈ।

ਭਾਰਤ ਸਰਕਾਰ ਦੇ ਤਾਜ਼ਾ ਅੰਕੜਿਆਂ ਦੇ ਆਧਾਰ 'ਤੇ ਹੈਰਾਨ ਕਰਨ ਵਾਲੇ ਅੰਕੜੇ ਹਨ : ਆਬਾਦੀ ਦਾ 10% ਤੋਂ ਵੱਧ ਮਾਨਸਿਕ ਰੋਗਾਂ ਤੋਂ ਪੀੜਤ ਹੈ, ਜਿਸ ਵਿੱਚ ਡਿਪਰੈਸ਼ਨ, ਨਿਊਰੋਸਿਸ ਅਤੇ ਮਨੋਵਿਗਿਆਨ ਸ਼ਾਮਲ ਹਨ। ਹਰ 1000 ਵਿੱਚੋਂ 15 ਵਿਅਕਤੀ ਨਸ਼ੇ ਦਾ ਸੇਵਨ ਕਰਨ ਵਾਲੇ ਹਨ। ਪੁਰਾਣੀ ਸ਼ਰਾਬ ਦੀ ਲਤ 1000 ਵਿੱਚੋਂ 25 ਲੋਕਾਂ ਵਿੱਚ ਹੁੰਦੀ ਹੈ।

ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਪੰਜਾਬ ਵਿੱਚੋਂ ਨਸ਼ੇ ਚਾਰ ਹਫਤਿਆਂ ਵਿੱਚ ਖਤਮ ਕਰ ਦੇਣ ਦਾ ਵਾਅਦਾ ਕਰਦੀ ਚਲੀ ਗਈ ਅਤੇ ਹੁਣ ਆਮ ਆਦਮੀ ਪਾਰਟੀ ਸਰਕਾਰ ਮਹੀਨਿਆਂ ਤੋਂ ਇੱਕ ਸਾਲ ਵਿੱਚ ਨਸ਼ੇ ਖਤਮ ਕਰਨ 'ਤੇ ਆ ਗਈ, ਪ੍ਰੰਤੂ ਹੁਣ ਸਾਲ ਵੀ ਲੰਘ ਗਿਆ, ਨਸ਼ੇ ਘਟਣ ਦੀ ਥਾਂ ਵਧ ਰਹੇ ਹਨ। ਨਸ਼ੇ ਖਤਮ ਕਰਨ ਲਈ ਸਿਆਸੀ ਇੱਛਾ ਦੀ ਲੋੜ ਹੁੰਦੀ ਹੈ, ਜਿਹੜੀ ਇਨ੍ਹਾਂ ਵਿੱਚ ਹੈ ਨਹੀਂ, ਕਿਉਂ ਨਹੀਂ, ਕਿਉਂਕਿ ਇਹ ਸਰਕਾਰਾਂ ਚੋਣਾਂ ਦੌਰਾਨ ਤਸਕਰਾਂ ਤੋਂ ਮਾਇਕ ਸਹਾਇਤਾ ਲੈਂਦੀਆਂ ਹਨ।

ਜੇ ਨਸ਼ਾ ਸੱਚਮੁੱਚ ਖਤਮ ਕਰਨਾ ਚਾਹੁੰਦੇ ਹਨ ਤਾਂ ਸਾਡੇ ਮੂਹਰੇ ਅਫੀਮਚੀ ਕਹੇ ਜਾਂਦੇ ਚੀਨ ਦੇ ਲੋਕਾਂ ਨੂੰ ਨਸ਼ਿਆਂ ਦੀ ਲਤ 'ਚੋਂ ਨਿਜ਼ਾਤ ਪਾਉਣ ਲਈ ਚੀਨ ਸਰਕਾਰ ਨੇ ਕਿਵੇਂ ਨਸ਼ਿਆਂ ਦੇ ਕੋਹੜ ਨੂੰ ਦੇਸ਼ ਵਿੱਚੋਂ ਕੱਢਿਆ ਚੀਨ ਦੀ ਸਰਕਾਰ ਨੇ ਚੀਨ ਵਿੱਚੋਂ ਨਸ਼ੇ ਖਤਮ ਕਰਨ ਲਈ ਸਾਡੇ ਮੂਹਰੇ ਇੱਕ ਆਇਨਾ ਰੱਖਿਆ ਹੈ। ਜੇ ਸਰਕਾਰ ਕੋਲ ਸਿਆਸੀ ਇੱਛਾ ਸ਼ਕਤੀ ਹੋਵੇ, ਤਦ ਹੀ ਪੰਜਾਬ ਅਤੇ ਸਮੁੱਚੇ ਦੇਸ਼ ਵਿੱਚੋਂ ਨਸ਼ੇ ਹਮੇਸ਼ਾ ਲਈ ਖਤਮ ਕੀਤੇ ਜਾ ਸਕਦੇ ਹਨ। ਚੀਨ ਨੇ ਨਸ਼ੇ ਨਾਲ ਸਬੰਧਤ ਪ੍ਰਮੁੱਖ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਹੱਲ ਕੀਤਾ ਹੈ ਅਤੇ ਡਰੱਗ ਕੰਟਰੋਲ ਪ੍ਰਣਾਲੀ ਨੂੰ ਅਨੁਕੂਲ ਬਣਾਇਆ ਹੈ। ਨੈਸ਼ਨਲ ਬਿਊਰੋ ਆਫ਼ ਸਟੈਟਿਸਟਿਕਸ ਦੇ ਅੰਕੜਿਆਂ ਅਨੁਸਾਰ ਚੀਨ ਵਿੱਚ ਨਸ਼ੀਲੇ ਪਦਾਰਥਾਂ ਦੇ ਨਿਯੰਤਰਣ ਦੇ ਕੰਮ ਨਾਲ ਲੋਕਾਂ ਦੀ ਸੰਤੁਸ਼ਟੀ ਦਾ ਪੱਧਰ 2021 ਵਿੱਚ 96.78% ਤੱਕ ਪਹੁੰਚ ਗਿਆ।

ਨਸ਼ੀਲੇ ਪਦਾਰਥਾਂ ਨਾਲ ਸੰਬੰਧਤ ਅਪਰਾਧਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਸਖ਼ਤ ਕਾਰਵਾਈਆਂ ਕੀਤੀਆਂ ਗਈਆਂ ਸਨ। ਚੀਨ ਨੇ ਡਰੱਗ ਨਿਰਮਾਣ ਅਤੇ ਤਸਕਰੀ ਦੀ ਪੂਰੀ ਲੜੀ ਨੂੰ ਵਿਗਾੜਨ, ਵਿਦੇਸ਼ਾਂ ਤੋਂ ਨਸ਼ਿਆਂ ਦੀ ਆਮਦ ਨੂੰ ਰੋਕਣ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਨੂੰ ਵੱਡੀ ਹੱਦ ਤੱਕ ਘਟਾਉਣ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ। ਪਿਛਲੇ ਪੰਜ ਸਾਲਾਂ ਵਿੱਚ ਚੀਨ ਨੇ ਕੁੱਲ 451,000 ਨਸ਼ੀਲੇ ਪਦਾਰਥਾਂ ਨਾਲ ਸੰਬੰਧਤ ਕੇਸਾਂ ਦਾ ਪਰਦਾਫਾਸ਼ ਕੀਤਾ, ਜਿਸ ਵਿੱਚ 588,000 ਸ਼ੱਕੀ ਗ੍ਰਿਫ਼ਤਾਰ ਕੀਤੇ ਗਏ ਅਤੇ 305 ਟਨ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। 2021 ਵਿੱਚ ਲਗਾਤਾਰ ਪੰਜ ਸਾਲਾਂ ਵਿੱਚ ਔਸਤ ਸਾਲਾਨਾ 20% ਦੀ ਗਿਰਾਵਟ ਦੇ ਨਾਲ 2017 ਵਿੱਚ 140,000 ਤੋਂ ਘਟ ਕੇ 54,000 ਤੱਕ ਨਸ਼ੀਲੇ ਪਦਾਰਥਾਂ ਨਾਲ ਸੰਬੰਧਤ ਮਾਮਲਿਆਂ ਦੀ ਗਿਣਤੀ ਹੋ ਗਈ।

ਡਰੱਗ ਰੀਹੈਬਲੀਟੇਸ਼ਨ/ਮੁੜ ਵਸੇਬਾ ਸੇਵਾਵਾਂ ਨੂੰ ਲਗਾਤਾਰ ਨਸ਼ਾ ਮੁਕਤੀ ਵਿੱਚ ਕੀਤੀਆਂ ਪ੍ਰਾਪਤੀਆਂ ਨੂੰ ਮਜ਼ਬੂਤ ਕੀਤਾ ਗਿਆ ਸੀ। ਚੀਨ ਨੇ ਡਰੱਗ ਦੀ ਮੰਗ ਨੂੰ ਵੱਡੇ ਪੱਧਰ 'ਤੇ ਘਟਾਉਣ ਲਈ "ਨਸ਼ੇ ਦੀ ਵਰਤੋਂ ਕਰਨ ਵਾਲਿਆਂ ਦੀ ਦੇਖਭਾਲ" ਮੁਹਿੰਮ ਨੂੰ ਅੱਗੇ ਵਧਾਇਆ। ਸਰਕਾਰ ਦੁਆਰਾ ਬਿਮਾਰ ਅਤੇ ਅਪਾਹਜ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਮੁਫਤ ਨਸ਼ਾ ਪੁਨਰਵਾਸ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਸਨ ਅਤੇ 80% ਨਸ਼ਾ ਉਪਭੋਗਤਾਵਾਂ ਨੇ ਭਾਈਚਾਰਿਆਂ ਵਿੱਚ ਮੁੜ ਵਸੇਬਾ ਅਤੇ ਇਲਾਜ ਪ੍ਰਾਪਤ ਕੀਤਾ ਸੀ। ਇਲਾਜ ਅਧੀਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਵਿਅਕਤੀਗਤ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਸਨ ਅਤੇ ਹਰ 15 ਨਸ਼ਾ ਉਪਭੋਗਤਾਵਾਂ ਨੂੰ ਇੱਕ ਫੁੱਲ-ਟਾਈਮ ਸੋਸ਼ਲ ਵਰਕਰ ਦੁਆਰਾ ਸਹਾਇਤਾ ਦਿੱਤੀ ਗਈ ਸੀ। 2021 ਦੇ ਅੰਤ ਤੱਕ ਚੀਨ ਵਿੱਚ 1,486,000 ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਸਨ, ਜੋ ਕਿ 2016 ਦੀ ਇਸੇ ਮਿਆਦ ਦੇ ਮੁਕਾਬਲੇ 42.1% ਘਟ ਗਏ ਅਤੇ ਰਾਸ਼ਟਰੀ ਆਬਾਦੀ ਦਾ ਸਿਰਫ਼ 17 ਹਿੱਸਾ ਹੈ। ਇੱਥੇ 3,403,000 ਲੋਕ ਸਨ, ਜਿਨ੍ਹਾਂ ਨੇ ਤਿੰਨ ਜਾਂ ਇਸ ਤੋਂ ਵੱਧ ਸਾਲਾਂ ਲਈ ਨਸ਼ਿਆਂ ਤੋਂ ਪਰਹੇਜ਼ ਕੀਤਾ ਸੀ, ਜੋ ਕਿ 2016 ਦੇ ਅੰਤ ਵਿੱਚ 2.4 ਗੁਣਾ ਹੈ

ਪ੍ਰਚਾਰ ਅਤੇ ਸਿੱਖਿਆ ਨੂੰ ਹੋਰ ਮਜ਼ਬੂਤ ਕੀਤਾ ਗਿਆ, ਜਿਸ ਨਾਲ ਲੋਕਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਹੋਈ। ਰੋਕਥਾਮ ਨੂੰ ਪਹਿਲ ਦਿੰਦੇ ਹੋਏ ਚੀਨੀ ਅਧਿਕਾਰੀਆਂ ਨੇ ਕਿਸ਼ੋਰਾਂ 'ਤੇ ਕੇਂਦਰਤ ਕਰਦੇ ਹੋਏ ਰਾਸ਼ਟਰੀ ਨਸ਼ਾ ਰੋਕਥਾਮ ਸਿੱਖਿਆ ਪ੍ਰੋਗਰਾਮ ਨੂੰ ਲਾਗੂ ਕੀਤਾ। ਨੌਜਵਾਨਾਂ ਲਈ ਡਰੱਗ ਪ੍ਰੀਵੈਨਸ਼ਨ ਐਜੂਕੇਸ਼ਨ ਦਾ ਰਾਸ਼ਟਰੀ ਡਿਜੀਟਲ ਪਲੇਟਫਾਰਮ ਸਥਾਪਤ ਕੀਤਾ ਗਿਆ ਸੀ, ਜੋ ਹਰ ਸਾਲ ਪੂਰੇ ਚੀਨ ਦੇ 230,000 ਤੋਂ ਵੱਧ ਸਕੂਲਾਂ ਦੇ 100 ਮਿਲੀਅਨ ਤੋਂ ਵੱਧ ਵਿਦਿਆਰਥੀਆਂ ਲਈ ਡਰੱਗ ਕੰਟਰੋਲ ਬਾਰੇ ਗਿਆਨ ਦਿੰਦਾ ਹੈ। ਇਹਨਾਂ ਸਾਰੇ ਯਤਨਾਂ ਸਦਕਾ ਲੋਕਾਂ ਵਿੱਚ ਨਸ਼ਿਆਂ ਦੀ ਜਾਗਰੂਕਤਾ ਵਿੱਚ ਨਾਟਕੀ ਵਾਧਾ ਹੋਇਆ ਅਤੇ ਨਵੇਂ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਕਮੀ ਆਈ।

ਗੈਰ-ਕਾਨੂੰਨੀ ਡਾਇਵਰਸ਼ਨ ਨੂੰ ਰੋਕਣ ਲਈ ਪੂਰਵ ਰਸਾਇਣਾਂ 'ਤੇ ਨਿਯੰਤਰਣ ਨੂੰ ਮਜ਼ਬੂਤ ਕੀਤਾ ਗਿਆ ਸੀ। ਚੀਨੀ ਅਧਿਕਾਰੀਆਂ ਨੇ ਪੂਰਵ-ਉਪਭੋਗਤਾ ਦੀ ਤਸਦੀਕ, ਡਾਇਵਰਸ਼ਨ ਨਿਗਰਾਨੀ ਅਤੇ ਸਰੋਤ ਟਰੈਕਿੰਗ ਵਿਧੀ ਨੂੰ ਅਨੁਕੂਲ ਬਣਾਉਣ, ਅਤੇ ਸੰਬੰਧਤ ਅਪਰਾਧਾਂ 'ਤੇ ਸਖ਼ਤ ਕਾਰਵਾਈ ਕਰਕੇ 15 ਕਿਸਮਾਂ ਦੇ ਪੂਰਵ-ਅਨੁਮਾਨ ਰਸਾਇਣਾਂ ਨੂੰ ਨਵੇਂ ਤਹਿ ਕਰਕੇ, ਪੂਰਵ-ਅਧਿਕਾਰੀਆਂ 'ਤੇ ਨਿਯੰਤਰਣ ਨੂੰ ਵਧਾਇਆ ਹੈ।

ਨੁਕਸਾਨਦੇਹ ਨਸ਼ੀਲੇ ਪਦਾਰਥਾਂ ਅਤੇ ਮਨੋਵਿਗਿਆਨਕ ਪਦਾਰਥਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਯੰਤਰਣ ਕਰਨ ਲਈ ਰੋਕਥਾਮ ਉਪਾਅ ਕੀਤੇ ਗਏ ਸਨ। ਨਵੀਆਂ ਨਸ਼ੀਲੀਆਂ ਦਵਾਈਆਂ ਵਾਲੇ ਅਪਰਾਧਾਂ 'ਤੇ ਨਕੇਲ ਕੱਸਣ ਅਤੇ ਨਵੀਆਂ ਦਵਾਈਆਂ ਦੀ ਖੋਜ, ਵਿਕਾਸ, ਨਿਰਮਾਣ ਅਤੇ ਵੱਡੇ ਪੱਧਰ 'ਤੇ ਵਰਤੋਂ ਨੂੰ ਰੋਕਣ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਗਈਆਂ ਸਨ।

ਸੁਧਾਰ ਨੂੰ ਅੱਗੇ ਵਧਾਇਆ ਗਿਆ ਸੀ ਅਤੇ ਨਾਜ਼ੁਕ ਡਰੱਗ ਪ੍ਰਭਾਵਿਤ ਖੇਤਰਾਂ ਵਿੱਚ ਸਥਿਤੀ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਗਿਆ ਸੀ। ਮੁੱਖ ਖੇਤਰਾਂ ਅਤੇ ਪ੍ਰਮੁੱਖ ਡਰੱਗ-ਸਬੰਧਤ ਮੁੱਦਿਆਂ 'ਤੇ ਮਹੱਤਵ ਰੱਖਦੇ ਹੋਏ ਚੀਨੀ ਅਧਿ

5-SEP-PAGE-5.qxd 9/4/2023 10:20 PM Page 1

ਵੋਟਾਂ ਦਲਿਤਾਂ ਤੇ ਮਜ਼ਦੂਰਾਂ ਦੀਆਂ, ਚੌਧਰ ਤੇ ਸਹੂਲਤਾਂ ਅਮੀਰਾਂ ਨੂੰ : ਚੌਹਾਨ

ਨਸ਼ਿਆਂ ਦੀ ਰੋਕਥਾਮ, ਹੜ੍ਹਾਂ ਤੇ ਨਰਮੇ ਦੇ ਮੁਆਵਜ਼ੇ ਨੂੰ ਲੈ ਕੇ ਖੇਤ ਮਜ਼ਦੂਰਾਂ ਨੇ ਦਿੱਤਾ ਮੰਗ ਪੱਤਰ

ਮਾਨਸਾ (ਪਮਾਰ)-ਬੇਸ਼ੱਕ ਹਾਕਮ ਧਿਰਾਂ ਹਮੇਸ਼ਾ ਹੀ ਵੋਟਾਂ ਦਲਿਤਾਂ ਤੇ ਮਜ਼ਦੂਰਾਂ ਤੋਂ ਵਟੋਰਦੀਆਂ ਹਨ ਤੇ ਚੌਧਰ ਤੇ ਸਹੂਲਤਾਂ ਅਮੀਰ ਘਰਾਣਿਆਂ ਨੂੰ ਦਿੰਦੀਆਂ ਹਨ, ਇਨ੍ਹਾਂ ਖਿਲਾਫ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅੱਗੇ ਆਉਣਾ ਸਮੇਂ ਦੀ ਮੰਗ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਪੰਜਾਬ ਇਕਾਈ ਦੇ ਮੀਤ ਪ੍ਰਧਾਨ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਜਥੇਬੰਦੀ ਵੱਲੋਂ ਮੰਗ ਪੱਤਰ ਦੇਣ ਉਪਰੰਤ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਪੰਜਾਬ ਖੇਤ ਮਜ਼ਦੂਰ ਸਭਾ ਦੇ ਵਫਦ ਦੀ ਅਗਵਾਈ ਕਪੂਰ ਸਿੰਘ ਕੋਟ ਲੱਲੂ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਸੁਖਦੇਵ ਪੰਧੇਰ ਤੇ ਸਤਨਾਮ ਸਿੰਘ ਮਾਨਸਾ ਨੇ ਕੀਤੀ। ਵਫਦ ਨੇ ਮੰਗ ਕਰਦਿਆਂ ਕਿਹਾ ਕਿ ਬੇਰੁਜ਼ਗਾਰੀ ਕਰਕੇ ਨੌਜਵਾਨ ਨਸ਼ਿਆਂ ਵੱਲ ਰੁਝਾਨ ਕਰਕੇ ਆਪਣੇ ਤੇ ਆਪਣੇ ਮਾਪਿਆਂ ਦਾ ਭਵਿੱਖ ਹਨੇਰੇ 'ਚ ਲਿਜਾ ਰਹੇ ਹਨ। ਵਧ ਰਹੀ ਨਸ਼ਾ ਤਸ਼ਕਰੀ ਸਾਡੀਆਂ ਨਸਲਾਂ ਨੂੰ ਬਰਬਾਦ ਕਰੇਗਾ, ਜਿਸ ਦੇ ਖਾਤਮੇ ਲਈ ਸਰਕਾਰ ਵਿਸ਼ੇਸ਼ ਮੁਹਿਮ ਰਾਹੀਂ ਨਸ਼ਾ ਪੀੜਤਾਂ ਦਾ ਇਲਾਜ ਮੁਫਤ ਕਰਵਾਏ ਤੇ ਨਸ਼ਾ ਤਸ਼ਕਰਾਂ 'ਤੇ ਕਾਨੂੰਨੀ ਕਾਰਵਾਈ ਕਰੇ। ਪਿਛਲੇ ਸਾਲ ਗੁਲਾਬੀ ਸੁੰਡੀ ਕਰਕੇ ਮਰੀ ਨਰਮੇ ਦੀ ਫਸਲ ਦੇ ਬਕਾਇਆਂ ਮੁਆਵਜ਼ਾ ਮਜ਼ਦੂਰਾਂ ਤੇ ਕਿਸਾਨਾਂ ਨੂੰ ਫੌਰੀ ਦੇਣਾ ਯਕੀਨੀ ਬਣਾਇਆ ਜਾਵੇ। ਕੁਦਰਤੀ ਆਫਤ ਆਮ ਲੋਕਾਂ ਨੇ ਬਰਬਾਦੀ ਦੇ ਰਾਹ ਤੋਰਿਆ ਹੈ, ਸੂਬਾ ਸਰਕਾਰ ਵੱਲੋਂ ਮੁਆਵਜ਼ੇ ਸਬੰਧੀ ਵਿਧੀਬੰਦ ਤਰੀਕਾ ਨਹੀਂ ਅਪਣਾਇਆ ਗਿਆ, ਉਨ੍ਹਾਂ ਡਿੱਗੇ ਘਰਾਂ 2-50 ਲੱਖ ਰੁਪਏ, ਪ੍ਰਤੀ ਏਕੜ ਪੰਜਾਹ ਹਜ਼ਾਰ ਰੁਪਏ, ਟਿਊਬਵੈੱਲ, ਪਸ਼ੂਆਂ ਆਦਿ ਦੇ ਨੁਕਸਾਨ ਦੀ ਪੂਰਤੀ ਫੌਰੀ ਤੌਰ 'ਤੇ ਕੀਤੀ ਜਾਵੇ। ਬੁਢਾਪਾ ਪੈਨਸ਼ਨਾਂ ਸਬੰਧੀ ਜਨਮ ਸਰਟੀਫਿਕੇਟ, ਜੋ ਸਰਕਾਰ ਵੱਲੋਂ ਫੈਸਲਾ ਵਾਪਸ ਲੈ ਲਿਆ ਹੈ, ਸਾਰੇ ਯੋਗ ਲਾਭਪਾਤਰੀਆਂ ਨੂੰ ਇਸ ਦਾ ਲਾਭ ਦੇਣਾ ਯਕੀਨੀ ਬਣਾਇਆ ਜਾਵੇ।

ਜਥੇਬੰਦੀ ਨੇ ਮੰਗ ਕੀਤੀ ਪੰਚਾਇਤੀ ਚੋਣਾਂ ਸਮੇਂ ਸੱਤਾਧਾਰੀਆਂ ਵੱਲੋਂ ਹਮੇਸ਼ਾ ਹੀ ਮਨਮਾਨੀਆਂ ਕਰਦੇ ਪੱਖਪਾਤ ਦਾ ਰਵੱਈਆ ਅਪਣਾਇਆ ਜਾਂਦਾ ਹੈ, ਬਿਨਾਂ ਪੱਖਪਾਤ ਵਾਰਡ ਬੰਦੀ ਕਰਕੇ ਨਿਰਪੱਖ ਚੋਣਾ ਕਰਵਾਈਆਂ ਜਾਣ। ਅੰਤ ਵਿੱਚ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਭੇਜਿਆ ਗਿਆ। ਵਫਦ ਦੌਰਾਨ ਦਲਜੀਤ ਮਾਨਸ਼ਾਹੀਆ ਕਿਸਾਨ ਆਗੂ, ਸੁਖਵਿੰਦਰ ਸਿੰਘ, ਚੇਤ ਸਿੰਘ, ਸੀਤਾ ਸਿੰਘ, ਗੁਰਜੰਟ ਸਿੰਘ ਆਦਿ ਆਗੂ ਸ਼ਾਮਲ ਹੋਏ।

ਖੇਡਾਂ ਸਰੀਰਕ ਤੇ ਮਾਨਸਿਕ ਪੱਖੋਂ ਖਿਡਾਰੀਆਂ ਨੂੰ ਤੰਦਰੁਸਤ ਰੱਖਣ 'ਚ ਮਦਦਗਾਰ : ਕਟਾਰੀਆ

ਜ਼ੀਰਾ (ਨਰਿੰਦਰ ਅਨੇਜਾ)-ਪੰਜਾਬ ਸਰਕਾਰ, ਖੇਡ ਵਿਭਾਗ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 'ਖੇਡਾਂ ਵਤਨ ਪੰਜਾਬ ਦੀਆਂ' ਦੌਰਾਨ ਬਲਾਕ ਜ਼ੀਰਾ ਦੇ ਟੂਰਨਾਮੈਂਟ ਜਵਾਹਰ ਨਵੋਦਿਆ ਵਿਦਿਆਲਿਆ ਮਹੀਆਂ ਵਾਲਾ ਕਲਾਂ ਵਿਖੇ ਸ਼ੁਰੂ ਹੋਏ। ਇਨ੍ਹਾਂ ਖੇਡ ਮੁਕਾਬਲਿਆਂ ਦੌਰਾਨ ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਐੱਸ.ਡੀ.ਐੱਮ. ਜ਼ੀਰਾ ਸ੍ਰੀ ਗਗਨਦੀਪ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ ਨੇ ਖਿਡਾਰੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਤੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਹੀ ਸਰਵਪੱਖੀ ਵਿਕਾਸ ਕਰਦੀਆਂ ਹਨ ਤੇ ਨਸ਼ਿਆਂ ਤੋਂ ਨੌਜਵਾਨਾਂ ਨੂੰ ਦੂਰ ਰੱਖਦੀਆਂ ਹਨ, ਇਸ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਇੱਕ ਜ਼ਰੂਰੀ ਅੰਗ ਹਨ, ਖੇਡਾਂ ਸਰੀਰਕ ਤੇ ਮਾਨਸਿਕ ਪੱਖੋਂ ਖਿਡਾਰੀਆਂ ਨੂੰ ਤੰਦਰੁਸਤ ਰੱਖਦੀਆਂ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਦੀ ਸ਼ੁਰੂਆਤ ਕਰਨਾ ਇੱਕ ਸ਼ਲਾਘਾਯੋਗ ਉੱਦਮ ਹੈ। ਇਸ ਨਾਲ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਤੇ ਰਾਜ ਵਾਸੀਆਂ ਨੂੰ ਸਿਹਤਮੰਦ ਰੱਖਣ ਵਿੱਚ ਵੱਡੀ ਮਦਦ ਮਿਲੇਗੀ। ਇਸ ਬਲਾਕ ਪੱਧਰੀ ਟੂਰਨਾਮੈਂਟ ਵਿੱਚ ਜੇਤੂਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੌਰਾਨ ਐਥਲੈਟਿਕਸ ਇਵੈਂਟ ਅੰਡਰ-14 ਲੜਕੀਆਂ ਨੇ 60 ਮੀਟਰ 'ਚ ਸਿਮਰਨਪ੍ਰੀਤ ਕੌਰ ਕੱਸੋਆਣਾ ਨੇ ਪਹਿਲਾ, ਪ੍ਰਭਜੋਤ ਕੌਰ ਸਸਸਸ ਚੂਚਕ ਵਿੰਡ ਨੇ ਦੂਜਾ ਤੇ ਕਿਰਨਦੀਪ ਕੌਰ ਸਸਸਸ ਚੂਚਕ ਵਿੰਡ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-14 ਲੜਕੀਆਂ ਨੇ 600 ਮੀਟਰ 'ਚ ਪ੍ਰਭਵੀਰ ਕੌਰ ਸਹਸ ਸੇਖਵਾਂ ਨੇ ਪਹਿਲਾ, ਸਿਮਰਨਪ੍ਰੀਤ ਕੌਰ ਐੱਸ. ਐੱਸ. ਐੱਮ. ਕੱਸੋਆਣਾ ਨੇ ਦੂਜਾ ਤੇ ਏਕਨੂਰ ਕੌਰ ਗੁਰੂ ਰਾਮਦਾਸ ਪਬਲਿਕ ਸਕੂਲ ਬਹਾਵਲਪੁਰ ਨੇ ਤੀਜਾ ਅਤੇ ਲੜਕਿਆਂ 'ਚ ਮਨਿੰਦਰਪਾਲ ਸਿੰਘ ਜਵਾਹਰ ਨਵੋਦਿਆ ਵਿਦਿਆਲਯ ਮਹੀਆਂ ਵਾਲਾ ਨੇ ਪਹਿਲਾ, ਮਨਦੀਪ ਸਿੰਘ ਜੇ. ਐੱਨ. ਵੀ. ਨੇ ਦੂਜਾ ਤੇ ਗੁਰਸੇਵਕ ਸਿੰਘ ਚੂਚਕ ਵਿੰਡ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-17 3000 ਮੀਟਰ ਵਿੱਚ ਲੜਕੀਆਂ 'ਚੋਂ ਆਰਤੀ ਕੌਰ ਸਹਸ ਸੇਖਵਾਂ ਨੇ ਪਹਿਲਾ ਤੇ ਮੁਸਕਾਨ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ ਅਤੇ ਲੜਕਿਆਂ 'ਚ ਜੋਸ਼ਵੀਰ ਸਿੰਘ ਜੀਵਨ ਮੱਲ ਸਸਸ ਜ਼ੀਰਾ ਨੇ ਪਹਿਲਾ ਤੇ ਯੁਵਰਾਜ ਸਿੰਘ ਸਹਸ ਸੇਖਵਾਂ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ-17 'ਚ 400 ਮੀਟਰ ਲੜਕੀਆਂ 'ਚ ਅਵਸਥਾ ਕੌਰ ਸਹਸ ਸੇਖਵਾਂ ਨੇ ਪਹਿਲਾ, ਸਿਮਰਨਪ੍ਰੀਤ ਕੌਰ ਅਕਾਲ ਅਕੈਡਮੀ ਭੜਾਣਾ ਨੇ ਦੂਜਾ ਤੇ ਪ੍ਰਿਆ ਐੱਸ.ਐੱਸ.ਐੱਮ. ਕੱਸੋਆਣਾ ਨੇ ਤੀਜਾ ਸਥਾਨ ਹਾਸਲ ਕੀਤਾ ਤੇ ਲੜਕਿਆਂ 'ਚ ਰਾਹੁਲ ਭੱਟੀ ਆਦਰਸ਼ ਸੀ.ਸੈ. ਸਕੂਲ ਹਰਦਾਸਾ ਨੇ ਪਹਿਲਾ, ਕ੍ਰਿਸ਼ ਧਾਲੀਵਾਲ ਜੀਵਨ ਮੱਲ ਸੀ.ਸੈ. ਸਕੂਲ (ਲੜਕੇ) ਜ਼ੀਰਾ ਨੇ ਦੂਜਾ ਤੇ ਅਸੀਸ ਜੀਵਨ ਮੱਲ ਸੀ.ਸੈ. ਸਕੂਲ (ਲੜਕੇ) ਜ਼ੀਰਾ ਨੇ ਤੀਜਾ ਸਥਾਨ ਹਾਸਲ ਕੀਤਾ।

ਉਨ੍ਹਾਂ ਦੱਸਿਆ ਕਿ ਵਾਲੀਬਾਲ ਸਮੈਸ਼ਿੰਗ ਖੇਡ ਅੰਡਰ-14 ਲੜਕੀਆਂ 'ਚ ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਬਹਾਵਲਪੁਰ ਨੇ ਪਹਿਲਾ ਤੇ ਸ੍ਰੀ ਗੁਰਦਾਸ ਰਾਮ ਕੰਨਿਆਂ ਸੀ.ਸਕੈ. ਸਕੂਲ ਜ਼ੀਰਾ ਨੇ ਦੂਜਾ, ਅੰਡਰ-17 ਲੜਕੀਆਂ 'ਚ ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਬਹਾਵਲਪੁਰ ਨੇ ਪਹਿਲਾ, ਅੰਡਰ-21 ਲੜਕੀਆਂ ਸ੍ਰੀ ਗੁਰਦਾਸ ਰਾਮ ਕੰਨਿਆ ਸੀ.ਸੈਕੰ. ਸਕੂਲ ਜ਼ੀਰਾ ਨੇ ਪਹਿਲਾ ਸਥਾਨ ਹਾਸਲ ਕੀਤਾ। ਵਾਲੀਬਾਲ ਅੰਡਰ-14 ਲੜਕਿਆਂ 'ਚ ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਬਹਾਵਲਪੁਰ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-21 'ਚ ਬਾਬਾ ਜੱਸਾ ਸਿੰਘ ਕਲੱਬ ਬੂਟੇ ਵਾਲਾ ਨੇ ਪਹਿਲਾ ਤੇ ਜੀਵਨ ਮੱਲ ਸਸਸ ਜ਼ੀਰਾ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਕਬੱਡੀ (ਨੈਸ਼.) 'ਚ ਅੰਡਰ-14 ਲੜਕੀਆਂ ਸਹਸ ਸੇਖਵਾਂ ਨੇ ਪਹਿਲਾ ਤੇ ਸਸਸਸ ਚੂਚਕ ਵਿੰਡ ਨੇ ਦੂਜਾ, ਅੰਡਰ-17 'ਚ ਸਸਸਸ ਚੂਚਕ ਵਿੰਡ ਨੇ ਪਹਿਲਾ ਤੇ ਸਸਸਸ ਜ਼ੀਰਾ ਨੇ ਦੂਜਾ, ਅੰਡਰ 21 ਲੜਕੀਆਂ 'ਚ ਸਸਸਸ ਜ਼ੀਰਾ ਨੇ ਪਹਿਲਾ, ਅੰਡਰ-14 ਲੜਕਿਆਂ 'ਚ ਸਹਸ ਸੇਖਵਾਂ ਨੇ ਪਹਿਲਾ ਤੇ ਜਵਾਹਰ ਨਵੋਦਿਆ ਵਿਦਿਆਲਯ ਮਹੀਆਂ ਵਾਲਾ ਨੇ ਦੂਜਾ, ਅੰਡਰ-17 'ਚ ਸਸਸਸ ਬਹਿਕ ਗੁੱਜਰਾਂ ਨੇ ਪਹਿਲਾ ਤੇ ਜੇ. ਐੱਨ. ਵੀ. ਮਹੀਆਂ ਵਾਲਾ ਨੇ ਦੂਜਾ ਸਥਾਨ ਹਾਸਲ ਕੀਤਾ। ਖੋ-ਖੋ ਅੰਡਰ-14 ਲੜਕਿਆਂ 'ਚ ਤਲਵੰਡੀ ਜੱਲੇ ਖਾਂ ਨੇ ਪਹਿਲਾ ਤੇ ਲਹਿਰਾ ਰੋਹੀ ਨੇ ਦੂਜਾ, ਅੰਡਰ-17 ਤੇ 21 ਲੜਕਿਆਂ ਤੇ ਲੜਕੀਆਂ ਵਿੱਚ ਵੀ ਤਲਵੰਡੀ ਜੱਲੇ ਖਾਂ ਨੇ ਪਹਿਲਾ ਸਥਾਨ ਹਾਸਲ ਕੀਤਾ। ਫੁੱਟਬਾਲ ਅੰਡਰ-14 ਲੜਕਿਆਂ 'ਚ ਕੱਸੋਆਣਾ ਨੇ ਪਹਿਲਾ ਤੇ ਅਕਾਲ ਅਕੈਡਮੀ ਨੇ ਦੂਜਾ, ਅੰਡਰ-17 'ਚ ਕੱਸੋਆਣਾ ਨੇ ਪਹਿਲਾ ਤੇ ਐਮਰੋਜੀਅਲ ਪਬਲਿਕ ਸਕੂਲ ਜ਼ੀਰਾ ਨੇ ਦੂਜਾ, ਅੰਡਰ-21 'ਚ ਐਮਰੋਜੀਅਲ ਪਬਲਿਕ ਸਕੂਲ ਨੇ ਪਹਿਲਾ ਤੇ ਕੱਸੋਆਣਾ ਨੇ ਦੂਜਾ ਸਥਾਨ ਹਾਸਲ ਕੀਤਾ। ਰੱਸਾਕਸ਼ੀ ਵਿੱਚ ਅੰਡਰ-14 ਤੇ 17 ਲੜਕੀਆਂ 'ਚ ਸ਼ਹੀਦ ਗੁਰਦਾਸ ਰਾਮ ਸਕੰਸਸ ਜ਼ੀਰਾ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸ੍ਰੀਮਤੀ ਸਵਰਨਜੀਤ ਕੌਰ ਨਿੱਝਰ ਪ੍ਰਿੰਸੀਪਲ ਜੇ.ਐੱਨ.ਵੀ. ਮਹੀਆਂ ਵਾਲਾ ਕਲਾਂ, ਸ੍ਰ: ਚਰਨਬੀਰ ਸਿੰਘ ਡੀ.ਪੀ.ਈ, ਸ਼੍ਰੀ ਅਕਸ਼ ਕੁਮਾਰ ਡੀ.ਐੱਮ. ਜ਼ਿਲ੍ਹਾ ਸਿੱਖਿਆ ਦਫਤਰ ਫਿਰੋਜ਼ਪੁਰ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਟੀਚਰ ਤੇ ਖੇਡ ਵਿਭਾਗ ਦੇ ਕੋਚ ਤੇ ਸਟਾਫ ਮੈਂਬਰ ਆਦਿ ਹਾਜ਼ਰ ਸਨ।

ਬਾਬਾ ਸ਼ੇਖ ਫਰੀਦ ਆਗਮਨ ਪੁਰਬ ਸੰਬੰਧੀ ਲੰਗਰ ਮੈਨੇਜਮੈਂਟ ਕਮੇਟੀ ਦੀ ਮੀਟਿੰਗ

ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ)

ਵਿਧਾਇਕ ਫਰੀਦਕੋਟ ਗੁਰਦਿੱਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਲੰਗਰ ਮੈਨੇਜਮੈਂਟ ਕਮੇਟੀ, ਜਿਸ ਦੇ ਮੈਂਬਰ ਮੁੱਖ ਖੇਤੀਬਾੜੀ ਅਫਸਰ ਫਰੀਦਕੋਟ, ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਫਰੀਦਕੋਟ, ਸਹਾਇਕ ਡਾਇਰੈਕਟਰ ਮੱਛੀ ਪਾਲਣ ਵਿਭਾਗ, ਡਿਪਟੀ ਡਾਇਰੈਕਟਰ ਬਾਗਬਾਨੀ ਤੇ ਕੈਪਟਨ ਧਰਮ ਸਿੰਘ ਗਿੱਲ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਵੱਲੋਂ ਕਮੇਟੀ ਨੂੰ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸ ਵਾਰ ਮੇਲੇ ਦੌਰਾਨ ਸਾਰੇ ਦਿਨ 19 ਤੋਂ 23 ਸਤੰਬਰ ਤੱਕ ਲੰਗਰ ਲਗਾਇਆ ਜਾਵੇਗਾ ਅਤੇ ਜਿਨ੍ਹਾਂ ਵਿਅਕਤੀਆਂ ਜਾਂ ਸੰਸਥਾਵਾਂ ਵੱਲੋਂ ਲੰਗਰ ਲਗਾਇਆ ਜਾਣਾ ਹੈ ਉਹ ਇਸ ਸਬੰਧੀ ਕਮੇਟੀ ਨੂੰ ਜ਼ਰੂਰ ਨੋਟ ਕਰਵਾ ਦੇਣ ਕੇ ਲੰਗਰ ਕਿਸ ਦਿਨ ਲਗਾਉਣਾ ਹੈ।

ਇਸ ਤੋਂ ਇਲਾਵਾ ਸੰਗਤਾਂ ਦੇ ਇਕੱਠ ਨੂੰ ਧਿਆਨ 'ਚ ਰੱਖਦਿਆਂ ਲੰਗਰ ਸ਼ਹਿਰ ਦੀਆਂ ਅਲੱਗ-ਅਲੱਗ ਥਾਵਾਂ 'ਤੇ ਲਗਾਇਆ ਜਾਵੇਗਾ ਤੇ ਲੰਗਰ ਲਗਾਉਣ ਉਪਰੰਤ ਉੱਥੇ ਸਫਾਈ ਦਾ ਧਿਆਨ ਰੱਖਿਆ ਜਾਵੇ ਕਿ ਗੰਦਗੀ ਦੇ ਢੇਰ ਨਾ ਲਗਾਏ ਜਾਣ ਤੇ ਕੂੜੇਦਾਨ ਦਾ ਪ੍ਰਬੰਧ ਜ਼ਰੂਰ ਹੋਵੇ। ਉਨ੍ਹਾਂ ਦੱਸਿਆ ਕਿ ਉਕਤ ਕਮੇਟੀ ਦੇ ਇੰਚਾਰਜ ਕੈਪਟਨ ਧਰਮ ਸਿੰਘ ਗਿੱਲ ਹੋਣਗੇ।

ਇਸ ਤੋਂ ਇਲਾਵਾ ਕਮੇਟੀ ਵੱਲੋਂ ਲੰਗਰ ਲਾਉਣ ਵਾਲੀਆਂ ਸੰਸਥਾਵਾਂ ਨੂੰ ਬੇਨਤੀ ਕੀਤੀ ਗਈ ਕਿ ਲੰਗਰ ਦੌਰਾਨ ਪਲਾਸਟਿਕ ਦੇ ਸਾਮਾਨ ਦੀ ਵਰਤੋਂ ਨਾ ਕੀਤੀ ਜਾਵੇ।

ਕਾਤਰਾਂ

ਦਹੇਜ ਲਈ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ 'ਚ 3 ਨਾਮਜ਼ਦ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਦਹੇਜ ਦੀ ਮੰਗ ਨੂੰ ਲੈ ਕੇ ਔਰਤ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸ਼ਿਕਾਇਤਕਰਤਾ ਅੰਜੂ ਕੌਰ ਪੁੱਤਰੀ ਮਹਿੰਦਰ ਸਿੰਘ ਵਾਸੀ ਮੁਹੱਲਾ ਰਠੇੜਾਵਾਲਾ ਜਲਾਲਾਬਾਦ ਨੇ ਇੱਕ ਦਰਖਾਸਤ ਪੁਲਸ ਨੂੰ ਦਿੱਤੀ ਗਈ ਸੀ, ਜਿਸ ਵਿੱਚ ਸ਼ਿਕਾਇਤਕਰਤਾ ਅੰਜੂ ਕੌਰ ਨੇ ਬਿਆਨ ਦਿੱਤਾ ਹੈ ਕਿ ਸੁਖਵੰਤ ਸਿੰਘ ਉਰਫ ਸੁੱਖਾ ਪੁੱਤਰ ਹਰਦੀਪ ਸਿੰਘ, ਬਿਮਲਾ ਕੌਰ ਪਤਨੀ ਹਰਦੀਪ ਸਿੰਘ ਤੇ ਜਸਪਾਲ ਸਿੰਘ ਉਰਫ ਸੰਨੀ ਪੁੱਤਰ ਹਰਦੀਪ ਸਿੰਘ ਵਾਸੀਆਨ ਬੈਕਸਾਈਡ ਬੱਸ ਸਟੈਂਡ ਨੇੜੇ ਗੋਬਿੰਦਪੁਰਾ ਗੁਰਦੁਆਰਾ ਬਠਿੰਡਾ ਵੱਲੋਂ ਉਸ ਦੀ ਲੜਕੀ ਅੰਜੂ ਕੌਰ ਨੂੰ ਦਿੱਤਾ ਦਾਜ ਦਾ ਸਾਮਾਨ ਨਸ਼ਾ ਪੂਰਾ ਕਰਨ ਲਈ ਖੁਰਦ ਬੁਰਦ ਕੀਤਾ ਗਿਆ ਹੈ ਅਤੇ ਘਰ ਨਾ ਵਸਾਉਣ ਤੇ ਬੱਚਿਆਂ ਸਮੇਤ ਉਸ ਦੀ ਲੜਕੀ ਨੂੰ ਘਰੋਂ ਬਾਹਰ ਕੱਢ ਦਿੱਤਾ ਗਿਆ। ਇਸ ਦਰਖਾਸਤ ਸਬੰਧੀ ਸੀਨੀਅਰ ਕਪਤਾਨ ਪੁਲਸ ਫਾਜ਼ਿਲਕਾ ਵੱਲੋਂ ਅਪਰੂਵਲ ਥਾਣਾ ਸਿਟੀ ਵਿਖੇ ਆਉਣ ਉਪਰੰਤ ਪੁਲਸ ਨੇ ਅੰਜੂ ਕੌਰ ਦੇ ਬਿਆਨਾਂ ਦੇ ਅਧਾਰ 'ਤੇ ਸੁਖਵੰਤ ਸਿੰਘ ਉਰਫ ਸੁੱਖਾ, ਬਿਮਲਾ ਕੌਰ ਤੇ ਜਸਪਾਲ ਸਿੰਘ ਉਰਫ ਸੰਨੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਜ਼ਿਲ੍ਹਾ ਪੱਧਰੀ ਰੋਜ਼ਗਾਰ ਮੇਲਾ ਭਲਕੇ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਮਾਡਲ ਕੈਰੀਅਰ ਸੈਂਟਰ/ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਬਿਊਰੋ ਫ਼ਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 6 ਸਤੰਬਰ ਨੂੰ ਜ਼ਿਲ੍ਹਾ ਪੱਧਰੀ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪਲੇਸਮੈਂਟ ਅਫਸਰ ਮਾਡਲ ਕੈਰੀਅਰ ਸੈਂਟਰ/ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਿਰੋਜ਼ਪੁਰ ਗੁਰਜੰਟ ਸਿੰਘ ਨੇ ਦੱਸਿਆ ਕਿ ਇਸ ਰੋਜ਼ਗਾਰ ਕੈਂਪ ਵਿੱਚ ਸੱਤਿਆ ਮਾਈਕਰੋ ਫਾਇਨਾਂਸ ਲਿਮਟਿਡ ਵੱਲੋਂ ਫੀਲਡ ਅਫ਼ਸਰ ਲਈ ਇੰਟਰਵਿਊ ਕੀਤੀ ਜ

page-6-5-Sep-2023-(SM).qxd 9/4/2023 10:27 PM Page 1

ਸਰਫੇਸ ਸੀਡਰ 'ਤੇ ਸਬਸਿਡੀ ਲੈਣ ਲਈ 10 ਤੱਕ ਕੀਤਾ ਜਾ ਸਕਦੈ ਅਪਲਾਈ : ਡਾ. ਢਿੱਲੋਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੀ ਬਜਾਏ, ਇਸ ਦੇ ਪ੍ਰਬੰਧਨ ਲਈ ਸੁਚੱਜੀ ਵਿਧੀ ਅਪਣਾਉਣ ਲਈ ਪ੍ਰੇਰਿਤ ਕਰਨ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਖੇਤਾਂ ਵਿੱਚ ਹੀ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ ਕਿਸਾਨਾਂ ਨੂੰ ਰਿਆਇਤੀ ਦਰਾਂ 'ਤੇ ਸਰਫੇਸ ਸੀਡਰ ਮਸ਼ੀਨਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਬਸਿਡੀ ਉੱਤੇ ਸਰਫੇਸ ਸੀਡਰ ਮੁਹੱਈਆ ਕਰਵਾਉਣ ਲਈ ਕਿਸਾਨਾਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਸੂਬੇ ਦੇ ਕਿਸਾਨ ਇਸ ਸਕੀਮ ਦਾ ਲਾਭ ਲੈਣ ਲਈ 10 ਸਤੰਬਰ 2023 ਤੱਕ ਸ਼ਾਮ 5 ਵਜੇ ਤੱਕ ਵਿਭਾਗ ਦੇ ਪੋਰਟਲ 'ਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾ. ਕ੍ਰਿਪਾਲ ਸਿੰਘ ਢਿਲੋਂ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਵਿਅਕਤੀਗਤ ਕਿਸਾਨਾਂ ਨੂੰ 40,000 ਰੁਪਏ ਦੀ ਸਬਸਿਡੀ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ, ਜਦੋਂਕਿ ਕਸਟਮਰ ਹਾਇਰਿੰਗ ਸੈਂਟਰ ਸਰਫੇਸ ਸੀਡਰ ਦੀ ਖਰੀਦ 'ਤੇ 64,000 ਰੁਪਏ ਦੀ ਸਬਸਿਡੀ ਪ੍ਰਾਪਤ ਕਰ ਸਕਦੇ ਹਨ।

ਸਿੱਖ ਇਕ ਵੱਖਰੀ ਤੇ ਨਿਰਾਲੀ ਕੌਮ: ਐਡਵੋਕੇਟ ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਿੱਖ ਇੱਕ ਵੱਖਰੀ ਕੌਮ ਹੈ, ਇਸ ਦੀ ਪਛਾਣ ਨਿਰਾਲੀ ਹੈ ਜੋ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਰਐੱਸਐੱਸ ਮੁਖੀ ਮੋਹਨ ਭਾਗਵਤ ਦੇ ਬਿਆਨ ਦਾ ਜਵਾਬ ਦਿੰਦਿਆਂ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਗੁਰਦੁਆਰਾ ਗੁਰੂਸਰ ਸਾਹਿਬ ਕਾਉਂਕੇ, ਜਗਰਾਓਂ ਵਿਖੇ ਨਵੇਂ ਦਰਬਾਰ ਹਾਲ ਦੇ ਉਦਘਾਟਨ ਸਮਾਗਮ ਵਿਚ ਸ਼ਾਮਿਲ ਹੋਣ ਲਈ ਪੁੱਜੇ ਹੋਏ ਸਨ। ਇਸ ਮੌਕੇ ਧਾਮੀ ਨੇ ਕਿਹਾ ਕਿ ਆਏ ਦਿਨ ਆਰਐੱਸਐੱਸ ਆਗੂ ਮੋਹਨ ਭਾਗਵਤ ਆਪਣੇ ਮਨ ਨੂੰ ਧਰਵਾਸ ਦੇਣ ਲਈ ਭਾਰਤ 'ਚ ਰਹਿਣ ਵਾਲੇ ਹਰ ਵਿਅਕਤੀ ਨੂੰ ਹਿੰਦੂ ਹੋਣ ਦਾ ਫਤਵਾ ਦੇ ਦਿੰਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਕਹਿਣ ਵਾਲੇ ਇਨ੍ਹਾਂ ਲੋਕਾਂ ਨੂੰ ਇੱਕ ਵਾਰ ਭਾਰਤ ਅਤੇ ਖਾਸਕਰ ਸਿੱਖਾਂ ਦਾ ਇਤਿਹਾਸ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਨਹੀਂ ਹਨ। ਸਿੱਖਾਂ ਦਾ ਆਪਣਾ ਵਿਲੱਖਣ ਖਾਸਾ ਹੈ, ਜਿਸ ਨੂੰ ਕੋਈ ਵੀ ਰਲਗੱਡ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਭਾਰਤ ਕਿਸੇ ਇੱਕ ਧਰਮ ਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾ ਆਪਣੇ ਧਰਮ ਦੀਆਂ ਰਵਾਇਤਾਂ ਅਨੁਸਾਰ ਦੇਸ਼ ਲਈ ਖੜਦੇ ਹਨ। ਹਰ ਸੰਕਟ ਸਮੇਂ ਸਿੱਖਾਂ ਦੇ ਯੋਗਦਾਨ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਆਰਐੱਸਐੱਸ ਮੁਖੀ ਨੂੰ ਵਿਵਾਦਤ ਬਿਆਨ ਦੇਣ ਤੋਂ ਸੰਕੋਚ ਕਰਨ ਦੀ ਸਲਾਹ ਦਿੱਤੀ।

ਏਸ਼ੀਅਨ ਪੇਂਟਸ ਵੱਲੋਂ 'ਸਮਾਰਟਕੇਅਰ ਹਾਈਡ੍ਰੋਕ ਐਕਸਟਰੀਮ' ਦੀ ਸ਼ੁਰੂਆਤ

ਲੁਧਿਆਣਾ: ਸਮਾਰਟਕੇਅਰ ਹਾਈਡ੍ਰੋਕ ਐਕਸਟ੍ਰੀਮ ਨੇ ਇੱਕ ਆਸਾਨ-ਵਰਤਣ ਲਈ ਅੰਦਰੂਨੀ ਵਾਟਰਪਰੂਫਿੰਗ ਹੱਲ ਪੇਸ਼ ਕੀਤਾ ਹੈ ਜੋ ਘਰਾਂ ਦੀਆਂ ਕੰਧਾਂ ਨੂੰ ਨਮੀ, ਨਮੀ ਅਤੇ ਨਮਕੀਨ ਤੋਂ ਬਚਾਉਣ ਲਈ 5 ਸਾਲਾਂ ਦੀ ਵਾਰੰਟੀ ਦੇ ਨਾਲ ਆਉਂਦਾ ਹੈ। ਹੁਣ ਆਪਣੇ ਘਰ ਦੀਆਂ ਕੰਧਾਂ ਦੇ ਗਿੱਲੇਪਣ ਨੂੰ ਅਲਵਿਦਾ ਕਹੋ. ਏਸ਼ੀਅਨ ਪੇਂਟਸ ਨੇ ਆਪਣੇ ਬ੍ਰਾਂਡ ਅੰਬੈਸਡਰਾਂ ਰਣਬੀਰ ਕਪੂਰ ਅਤੇ ਪੀ. ਵੀ. ਸਿੰਧੂ ਨਾਲ ਮਿਲ ਕੇ "ਸਮਾਰਟਕੇਅਰ ਹਾਈਡ੍ਰੋਕ ਐਕਸਟ੍ਰੀਮ" ਪੇਸ਼ ਕੀਤਾ ਹੈ, ਜੋ ਕਿ ਇਨਡੋਰ ਵਾਟਰਪਰੂਫਿੰਗ ਲਈ ਇੱਕ ਨਵੀਨਤਾਕਾਰੀ ਹੱਲ ਹੈ। ਕਈ ਸ਼ਾਨਦਾਰ ਵਿਸ਼ੇਸ਼ਤਾਵਾਂ ਦੇ ਨਾਲ, ਸਮਾਰਟਕੇਅਰ ਹਾਈਡ੍ਰੋਕ ਐਕਸਟ੍ਰੀਮ ਘਰ ਦੀਆਂ ਕੰਧਾਂ 'ਤੇ ਨਮੀ ਅਤੇ ਸਾਲਟਪੀਟਰ ਵਰਗੀਆਂ ਸਭ ਤੋਂ ਮੁਸ਼ਕਿਲ ਵਾਟਰਪ੍ਰੂਫਿੰਗ ਸਮੱਸਿਆਵਾਂ ਤੋਂ ਬੇਮਿਸਾਲ ਸੁਰੱਖਿਆ ਪ੍ਰਦਾਨ ਕਰਦਾ ਹੈ।

Public Notice

I, Raj Rani Sagar W/o Madan Lal Sagar R/o H.No. 40, Shiv Enclave, Jalandhar Cantt., Jalandhar, Punjab declare that my husband Madan Lal Sagar is not residing with me 3 years and he has left the house. I and my family shall not be held responsible for any of his acts, deeds and things. All please note.

We, Vijay Kumar S/o Ratan Chand and Raj Rani W/o Vijay Kumar both R/o H.No. NA-252, Mohalla Kishan Pura, Jalandhar, Punjab declare that our son Honney & his wife Komal Sharma is out of our control. We disinherit them from our moveable and immovable properties. We and our family shall not be held responsible for any of their acts, deeds and things. All please note.

I, Gian Kaur W/o Late. Mohinder Singh R/o VPO. Kandola, Distt. Jalandhar, Punjab declare that my son Ajmer Singh & his wife Kuldeep Kaur are out of my control. I disinherit them from my movable and immovable properties. I and my family shall not be held responsible for any of their acts deeds and things. All please note.

I, Bhupinder Singh S/o Harjinder Singh R/o VPO Chachoki, Tehsil Phagwara, Distt. Kapurthala declare that my original sale deed no. 1671 dated 31.08.1998 for my house property situated at VPO Chachoki bearing Khasra No. 141/6-8, 142/6-17, Kitta : 2, Khata No. 30/33, Hadbast No. 103 Total area 1 Kanal 3 Marla has been lost. If found by any person please contact me on 8289059361. I have applied loan on above property from Punjab National Bank, Manik Wahid Branch, If any person having any objection for the same please contact PNB Manik Wahid Branch.

ਸਕੂਲ ਬੱਸਾਂ ਅਤੇ ਡਰਾਈਵਰ ਠੇਕਾ (ਸੈਸ਼ਨ 2023-23)

ਤਜਰਬੇਕਾਰ ਟਰਾਂਸਪੋਰਟ ਠੇਕੇਦਾਰਾਂ ਪਾਸੋਂ ਸਕੂਲ ਵਿਦਿਆਰਥਣਾਂ ਦੀ ਟ੍ਰਾਂਸਪੋਰਟ ਲਈ ਸਕੂਲ ਬੱਸਾਂ ਅਤੇ ਡਰਾਈਵਰਜ਼ ਦੇ ਠੇਕੇ ਲਈ ਸੀਲਬੰਦ ਲਿਫਾਫਿਆਂ ਵਿੱਚ ਕੁਟੇਸ਼ਨਾਂ/ਟੈਂਡਰ ਮੰਗੇ ਜਾਂਦੇ ਹਨ, ਜੋ ਕਿ ਇਹ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ 5 ਦਿਨ ਦੇ ਅੰਦਰ ਦਫਤਰ ਪ੍ਰਿੰਸੀਪਲ, ਸਕੂਲ ਆਫ ਐਮੀਨੈਂਸ, ਮਾਲ ਰੋਡ, ਅੰਮ੍ਰਿਤਸਰ ਵਿੱਚ ਭੇਜੇ ਜਾਣ।

ਨਿਰਧਾਰਤ ਸ਼ਰਤਾਂ ਦੀ ਕਾਪੀ ਸਕੂਲ ਦਫਤਰ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਪ੍ਰਾਪਤ ਕੀਤੀ ਜਾ ਸਕਦੀ ਹੈ।

ਸੰਪਰਕ : ਸ੍ਰੀਮਤੀ ਅਮਨਪ੍ਰੀਤ ਕੌਰ ਚੇਅਰਮੈਨ (ਐੱਸ ਐੱਮ ਸੀ) -9115988580
ਸ੍ਰੀਮਤੀ ਮਨਦੀਪ ਕੌਰ (ਪ੍ਰਿੰਸੀਪਲ) -9501106160

Civil Courts Nabha

Court Notice

(U/o 5 Rule 20 CPC)

In the Court of Ms. Anuradha, Additional Civil Judge (Senior Division), Nabha

CNR No. PBPTB 0-000746-2020

Next Date : 23-10-2023

Rajinder Kumar vs. Rohit Kumar @ Chintu

Publication Issued to ; 1. Geeta Rani, Father Sh. Krishan Chand, Basantpura Mohalla, Nai Basti Nabha, Sunita Rani D/o Sh. Krishan Chand Basantpura Mohalla, Nai Basti Nabha, Achhri Rani Daughter of Late Sh. Puran Chand W/o Sh. Ramesh Kumar R/o Basantpura Mohalla, Nai Basti Nabha.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 23-10-2023 at 10.00 a.m.

For details logon to https://highcourtchd.gov.in/?trs=district_notice&district=Patiala.

Additional Civil Judge (Senior Division) Nabha

Dated, this day of 31-08-2023

Court Notice

(U/o 5 Rule 20 CPC)

In the Court of Ms. Rajni Chhokra, Principal Judge Family Court, Tarn Taran

Next Date : Purpose of case, Orders and Judgments as well as other case information is available on http://districts.ecourts.gov.in

CNR No. PBTT01-000372-2023

Next Date : 07-10-2023

Harsimranpreet Singh Vs. Baljinder Kaur

Publication issued to :

Baljinder Kaur Spouse : Harsimranpreet Singh D/o Amarjit Singh R/o 185 New Jawahar Nagar Jalandhar, Tehsil and Distt. Jalandhar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 7-10-2023 at 10.00 a.m.

For details logon to https://highcourtchd.gov.in/?trs=district_notice&district=Tarn Taran.

Principal Judge Family Court, Tarn Taran

Dated, this day of 1-09-2023

Civil Courts Nabha

Court Notice

(U/o 5 Rule 20 CPC)

In the Court of Ms. Anuradha, Additional Civil Judge (Senior Division), Nabha

CNR No. PBPTB 0-000865-2023

Next Date : 20-11-2023

Rajnish Kumar Mittal vs. General Public

Publication Issued to : General Public : General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 20-11-2023 at 10.00 a.m.

For details logon to https://highcourtchd.gov.in/?trs=district_notice&district=Patiala.

Additional Civil Judge (Senior Division) Nabha

Dated, this day of 1-09-2023

ATAM VALVES LIMITED

Regd. Off: 1051,INDUSTRIAL AREA, JALANDHAR ,PUNJAB
Ph. No.+91 181 5001111, CIN: L27109PB1985PLC006476
Email ID: cs@atamfebi.com, Website: www.atamvalves.in

38ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਦੀ 38ਵੀਂ ਸਾਲਾਨਾ ਜਨਰਲ ਮੀਟਿੰਗ ("ਏ ਜੀ ਐੱਮ") ਸ਼ਨੀਵਾਰ 30 ਸਤੰਬਰ 2023 ਨੂੰ ਦੁਪਹਿਰ 01.00 ਵਜੇ (ਭਾਰਤੀ ਸਮੇਂ ਅਨੁਸਾਰ) ਇਲੈਕਟ੍ਰਾਨਿਕ ਮੋਡ, ਜੋ ਕਿ ਵੀਡੀਓ ਕਾਨਫਰੰਸ ਜਾਂ ਹੋਰ ਆਡੀਓ-ਵਿਜ਼ੂਅਲ ਮੀਨਜ਼ ("ਵੀ ਸੀ/ਓ ਏ ਵੀ ਐੱਮ") ਰਾਹੀਂ ਏ ਜੀ ਐੱਮ ਦੇ ਸੱਦੇ ਵਾਲੇ ਨੋਟਿਸ 'ਚ ਉਲੇਖ ਕਾਰੋਬਾਰ ਦੇ ਨਿਪਟਾਰੇ ਲਈ ਕੀਤੀ ਜਾਵੇਗੀ। ਕਾਰਪੋਰੇਟ ਮਾਮਲੇ ਮੰਤਰਾਲਾ ਵੱਲੋਂ ਜਾਰੀ ਸਰਕੂਲਰ ("ਐੱਮ ਸੀ ਏ ਸਰਕੂਲਰਜ਼") ਅਨੁਸਾਰ ਏ ਜੀ ਐੱਮ ਇਲੈਕਟ੍ਰਾਨਿਕ ਮੋਡ ਰਾਹੀਂ ਕੀਤੀ ਜਾਵੇਗੀ।

ਐੱਮ ਸੀ ਏ ਸਰਕੂਲਰਜ਼ ਅਤੇ ਸੇਬੀ ਸਰਕੂਲਰ ਦੀ ਪਾਲਣਾ 'ਚ 38ਵੀਂ ਏ ਜੀ ਐੱਮ ਦਾ ਨੋਟਿਸ ਸਮੇਤ ਵਿੱਤੀ ਵਰ੍ਹੇ 2022-2023 ਦੀ ਸਾਲਾਨਾ ਰਿਪੋਰਟ ਕੇਵਲ ਇਲੈਕਟ੍ਰਾਨਿਕ ਮੋਡ 'ਚ ਉਨ੍ਹਾਂ ਮੈਂਬਰਾਂ ਨੂੰ ਭੇਜਿਆ ਜਾਵੇਗਾ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ/ਰਜਿਸਟਰਾਰ ਅਤੇ ਸ਼ੇਅਰ ਟਰਾਂਸਫਰ ਏਜੰਟ ("ਆਰ ਟੀ ਏ") ਜਾਂ ਡਿਪਾਜ਼ਟਰੀ ਪਾਰਟੀਸੀਪੈਂਟ ("ਡੀ ਪੀ")/ਡਿਪਾਜ਼ਟਰੀ ਕੋਲ ਰਜਿਸਟਰਡ ਹੋਣਗੇ। ਡੀਮਟੀਰੇਲਾਈਜ਼ਡ ਫਾਰਮ 'ਚ ਸ਼ੇਅਰ ਹੋਣ ਦੀ ਸੂਰਤ 'ਚ ਜਿਨ੍ਹਾਂ ਮੈਂਬਰਾਂ ਨੇ ਆਪਣੇ ਈਮੇਲ ਪਤੇ ਅਜੇ ਰਜਿਸਟਰਡ ਨਹੀਂ ਕਰਵਾਏ, ਨੂੰ ਉਨ੍ਹਾਂ ਦੇ ਡੀ ਪੀ ਕੋਲ ਇਹ ਰਜਿਸਟਰਡ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ।

ਏ ਜੀ ਐੱਮ ਨੋਟਿਸ ਅਤੇ ਵਿੱਤੀ ਵਰ੍ਹੇ 2022-2023 ਦੀ ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.atamvalves.in ਬੀ ਐੱਸ ਈ ਲਿਮਟਿਡ ਦੀ ਵੈੱਬਸਾਈਟ www.bseindia.com ਅਤੇ ਐੱਨ ਐੱਸ ਈ ਲਿਮਟਿਡ ਦੀ ਵੈੱਬਸਾਈਟ www.nseindia.com'ਤੇ ਉਪਲੱਬਧ ਹੋਣਗੇ। ਨੋਟਿਸ ਸੀ ਡੀ ਐੱਸ ਐੱਲ ਦੀ ਵੈੱਬਸਾਈਟ www.evotingindia.com. 'ਤੇ ਵੀ ਉਪਲੱਬਧ ਹੋਵੇਗਾ। ਮੈਂਬਰ ਸਿਰਫ ਵੀ ਸੀ/ ਓ ਵੀ ਏ ਐੱਮ ਰਾਹੀਂ ਹੀ ਏ ਜੀ ਐੱਮ 'ਚ ਹਾਜ਼ਰ ਅਤੇ ਹਿੱਸਾ ਲੈ ਸਕਣਗੇ। ਵੀ ਸੀ/ਓ ਵੀ ਏ ਐੱਮ ਰਾਹੀਂ ਏ ਜੀ ਐੱਮ 'ਚ ਸ਼ਾਮਲ ਹੋਣ ਦਾ ਅਮਲ ਅਤੇ ਹਦਾਇਤਾਂ ਨੋਟਿਸ 'ਚ ਦਰਸਾਏ ਗਏ ਹਨ। ਏ ਜੀ ਐੱਮ ਦੌਰਾਨ ਰਿਮੋਟ ਈ ਵੋਟਿੰਗ ਰਾਹੀਂ ਵੋਟ ਪਾਉਣ, ਵਿਸਥਾਰਤ ਅਮਲ ਅਤੇ ਹਦਾਇਤਾਂ ਸਾਰੇ ਮੈਂਬਰਾਂ (ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ/ਜਿਨ੍ਹਾਂ ਦੇ ਮੇਲ ਪਤੇ ਡੀ ਪੀਜ਼/ ਕੰਪਨੀ/ ਆਰ ਟੀ ਏ ਕੋਲ ਰਜਿਸਟਰਡ ਨਹੀਂ ਸ਼ਾਮਲ) ਲਈ ਨੋਟਿਸ 'ਚ ਦਰਸਾਏ ਗਏ ਹਨ। ਡਾਇਰੈਕਟਰਾਂ ਦੇ ਬੋਰਡ ਨੇ ਆਪਣੀ 11 ਮਈ 2023 ਨੂੰ ਹੋਈ ਮੀਟਿੰਗ 'ਚ 1.50/- ਪ੍ਰਤੀ ਸ਼ੇਅਰ ਅੰਤਮ ਲਾਭਾਂਸ਼ ਦੀ ਸਿਫਾਰਸ਼ ਕੀਤੀ ਹੈ। ਅੰਤਮ ਲਾਭਾਸ਼ ਦੇ ਮੰਤਵ ਲਈ ਰਿਕਾਰਡ ਦੀ ਮਿਤੀ ਸ਼ਨੀਵਾਰ 23 ਸਤੰਬਰ 2023 ਹੈ। ਅੰਤਮ ਲਾਭਾਸ਼, ਜੇਕਰ ਅਗਾਮੀ ਮੀਟਿੰਗ 'ਚ ਮੈਂਬਰਾਂ ਵੱਲੋਂ ਪ੍ਰਵਾਨਤ ਕੀਤੀ ਗਈ ਤਾਂ ਏ ਜੀ ਐੱਮ ਦੀ ਸਮਾਪਤੀ ਤੋਂ 30 ਦਿਨਾਂ ਦੇ ਅੰਦਰ ਇਲੈਕਟ੍ਰਾਨੀਕਲੀ ਵੱਖ-ਵੱਖ ਆਨਲਾਈਨ ਟਰਾਂਸਫਰ ਮੋਡਸ ਰਾਹੀਂ ਉਨ੍ਹਾਂ ਮੈਂਬਰਾਂ ਨੂੰ ਅਦਾ ਕਰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਆਪਣੇ ਬੈਂਕ ਖਾਤਿਆਂ ਦੇ ਵੇਰਵੇ ਆਪਣੇ ਬੈਂਕ ਕੋਲ ਅਪਡੇਟ ਕੀਤੇ ਹੋਣਗੇ। ਜਿਨ੍ਹਾਂ ਮੈਂਬਰਾਂ ਨੇ ਆਪਣੇ ਬੈਂਕ ਖਾਤੇ ਦੇ ਵੇਰਵੇ ਅਪਡੇਟ ਨਹੀਂ ਕਰਵਾਏ, ਲਾਭਾਸ਼ ਵਰੰਟ/ਡਿਮਾਂਡ ਡਰਾਫਟ/ਚੈੱਕ ਉਨ੍ਹਾਂ ਦੇ ਰਜਿਸਟਰਡ ਪਤਿਆਂ 'ਤੇ ਭੇਜੇ ਜਾਣਗੇ। ਲਾਭਾਂਸ਼ ਪ੍ਰਾਪਤ ਕਰਨ 'ਚ ਦੇਰੀ ਟਾਲਣ ਲਈ ਮੈਂਬਰਾਂ ਨੂੰ ਆਪਣੇ ਇਲੈਕਟ੍ਰਾਨਿਕ ਕਲੀਅਰਿੰਗ ਸਿਸਟਮ (ਈ ਸੀ ਐੱਸ) ਆਦੇਸ਼ ਆਪਣੇ ਡੀ ਪੀ ਜ਼ ਕੋਲ ਅਪਡੇਟ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਉਹ ਭੁਗਤਾਨ ਦੀ ਮਿਤੀ 'ਤੇ ਲਾਭਾਂਸ਼ ਸਿੱਧੇ ਆਪਣੇ ਬੈਂਕ ਖੇਤੇ 'ਚ ਪ੍ਰਾਪਤ ਕਰ ਸਕਣ।

ਮੈਂਬਰ ਧਿਆਨ ਦੇਣ ਕਿ ਫਾਇਨਾਂਸ ਐਕਟ, 2020 ਦੀਆਂ ਵਿਵਸਥਾਵਾਂ ਦੀ ਪਾਲਣਾ 'ਚ 1 ਅਪ੍ਰੈਲ 2020 ਤੋਂ ਲਾਭਾਂਸ਼ ਆਮਦਨ ਸ਼ੇਅਰ ਹੋਲਡਰਾਂ ਦੇ ਹੱਥਾਂ 'ਚ ਟੈਕਸਯੋਗ ਹੈ ਅਤੇ ਕੰਪਨੀ ਸ਼ੇਅਰ ਹੋਲਡਰਾਂ ਨੂੰ ਅਦਾ ਕੀਤੇ ਲਾਭਾਂਸ਼ 'ਚੋਂ ਸਰੋਤ 'ਤੇ ਨਿਰਧਾਰਤ ਦਰਾਂ 'ਤੇ ਟੈਕਸ ਕੱਟਣ ਦੀ ਪਾਬੰਦ ਹੈ। ਐਲਾਨੇ ਲਾਭਾਂਸ਼ 'ਤੇ ਕੱਟੇ ਜਾਣ ਵਾਲੇ ਟੈਕਸ ਦੇ ਸੰਬੰਧ 'ਚ ਜ਼ਰੂਰੀ ਜਾਣਕਾਰੀ (ਕੰਪਨੀ ਨੂੰ ਜਮ੍ਹਾਂ ਕਰਵਾਏ ਜਾਣ ਵਾਲੇ ਵੇਰਵੇ ਸ਼ਾਮਲ) ਮੈਂਬਰਾਂ ਦੇ ਹਵਾਲੇ ਲਈ ਨੋਟਿਸ 'ਚ ਦਰਸਾਈ ਗਈ ਹੈ।

ਵਾਸਤੇ ਆਤਮ ਵਾਲਵਜ਼ ਲਿਮਟਿਡ
ਸਹੀ/-
ਨਤੀਸ਼ਾ ਚੌਧਰੀ
ਕੰਪਨੀ ਸੈਕਟਰੀ

ਸਥਾਨ : ਜਲੰਧਰ
ਮਿਤੀ : 05.09.2023

ਕਲਾਸੀਫਾਈਡ ਇਸ਼ਤਿਹਾਰ

ਆਮ ਸੂਚਨਾ

ਮੈਂ, ਊਜਾਗਰ ਸਿੰਘ ਪੁੱਤਰ ਹਰੀ ਸਿੰਘ, ਵਾਸੀ ਪਿੰਡ ਪਲਾਸੌਰ (ਸੰਗਰੂਰ) ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ.ਪੀ. 23-454 ਏ.ਪੀ (20 ਹਾਰਸਪਾਵਰ) ਨੂੰ ਸੁਖਵਿੰਦਰ ਸਿੰਘ ਪੁੱਤਰ ਊਜਾਗਰ ਸਿੰਘ, ਪਿੰਡ ਪਲਾਸੌਰ (ਸੰਗਰੂਰ) ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜ਼ੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਭਲਵਾਨ ਦੇ ਇਤਰਾਜ਼ ਪੇਸ਼ ਕਰੇ।

ਅਸੀਂ, ਗੁਰਮੇਲ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਨਾਸਰ ਸਿੰਘ ਅਤੇ ਕਰਮਜੀਤ ਕੌਰ ਪਤਨੀ ਗੁਰਮੇਲ ਸਿੰਘ ਵਾਸੀਆਨ ਵਾਰਡ ਨੰਬਰ 5 ਪੱਤੀ ਭੋਪੋ, ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਸੂਚਿਤ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਅਮਰਿੰਦਰਪਾਲ ਸਿੰਘ ਨੂੰ ਮਿਤੀ 7-08-2021 ਨੂੰ ਅਖਬਾਰ ਰਾਹੀਂ ਬੇਦਖਲ ਕੀਤਾ ਸੀ, ਪਰ ਹੁਣ ਉਹ ਸਾਡੇ ਕਹਿਣੇਕਾਰ ਹੈ। ਇਸ ਲਈ ਅਸੀਂ ਉਸ ਦੀ ਇਹ ਬੇਦਖਲੀ ਵਾਪਸ ਲੈਂਦੇ ਹਾਂ। ਉਹ ਸਾਡੀ ਹਰ ਕਿਸਮ ਦੀ ਚੱਲ-ਅਚੱਲ ਜਾਇਦਾਦ ਦਾ ਮਾਲਕ ਹੋਵੇਗਾ। ਸੰਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ, ਲਖਵਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਕੁਤਬੇਵਾਲ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਯੋਵਰਾਜ ਸਿੰਘ ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ। (ਬਲਵਿੰਦਰ)

ਮੈਂ ਜਗੀਰ ਕੌਰ ਪਤਨੀ ਮਲਕੀਤ ਸਿੰਘ ਵਾਸੀ ਪਿੰਡ ਲਾਟੀਆਂਵਾਲਾ,

5-SEP-PAGE-1.qxd 9/4/2023 10:19 PM Page 2

ਬੀ ਕੇ ਯੂ ਉਗਰਾਹਾਂ ਵੱਲੋਂ ਨਸ਼ਿਆਂ ਖਿਲਾਫ ਪਿੰਡਾਂ 'ਚ ਮੋਟਰਸਾਈਕਲ ਮਾਰਚ

ਧੂਰੀ (ਸੁਖਦੇਵ ਧੂਰੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ ਦੀ ਅਗਵਾਈ ਵਿੱਚ ਸੈਂਕੜੇ ਕਿਸਾਨਾਂ ਨੇ ਨਸ਼ਿਆਂ ਖਿਲਾਫ ਆਪਣੀ ਅਵਾਜ਼ ਬੁਲੰਦ ਕਰਦਿਆਂ ਧੂਰੀ ਅਨਾਜ ਮੰਡੀ ਤੋਂ ਲੈ ਕੇ ਵੱਖ ਵੱਖ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੀਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ, ਜ਼ਿਲ੍ਹਾ ਕਿਸਾਨ ਆਗੂ ਹਰਪਾਲ ਸਿੰਘ ਪੇਧਨੀ ਤੇ ਰਾਮ ਸਿੰਘ ਕੱਕੜਵਾਲ ਨੇ ਕਿਹਾ ਕਿ ਸਮੇਂ ਦੀ ਸਰਕਾਰਾਂ ਨਸ਼ਾ ਰੋਕਣ ਵਿੱਚ ਅਸਫਲ ਰਹੀਆਂ ਹਨ ਤੇ ਪੁਲਸ ਵੀ ਨਸ਼ਿਆਂ ਨੂੰ ਰੋਕਣ ਪ੍ਰਤੀ ਅਸਫਲ ਰਹੀ ਹੈ। ਇਸ ਲਈ ਹੁਣ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨੇ ਨਸ਼ਿਆਂ ਖਿਲਾਫ ਪਿੰਡਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਮੁਹਿਮ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ 6 ਸਤੰਬਰ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਸਾਡੀ ਜਥੇਬੰਦੀ ਮੰਗ ਪੱਤਰ ਦੇਵੇਗੀ ਤੇ ਨਸ਼ਿਆਂ ਖਿਲਾਫ ਆਪਣੀ ਮੁਹਿਮ ਜਾਰੀ ਰੱਖੇਗੀ।

ਭੱਲਾ ਤੇ ਬਿੱਟੂ ਨੂੰ ਦਿਹਾਤੀ ਤੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਵਧਾਈ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਆਮ ਆਦਮੀ ਪਾਰਟੀ ਵੱਲੋਂ ਜਤਿੰਦਰ ਸਿੰਘ ਭੱਲਾ ਨੂੰ ਜ਼ਿਲ੍ਹਾ ਬਠਿੰਡਾ (ਦਿਹਾਤੀ) ਦਾ ਪ੍ਰਧਾਨ ਤੇ ਸੁਰਿੰਦਰ ਸਿੰਘ ਬਿੱਟੂ ਨੂੰ ਜ਼ਿਲ੍ਹਾ ਬਠਿੰਡਾ (ਸ਼ਹਿਰੀ) ਦਾ ਪ੍ਰਧਾਨ ਬਣਾਏ ਜਾਣ 'ਤੇ ਪਾਰਟੀ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਹੈ। 'ਆਪ' ਇਕਾਈ ਪਿੰਡ ਲਹਿਰਾ ਮੁਹੱਬਤ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਮਾ. ਚਰਨਜੀਤ ਸਿੰਘ ਮੀਤ ਪ੍ਰਧਾਨ, ਹਰਪਾਲ ਸਿੰਘ ਪਾਲਾ, ਸੇਵਕ ਸਿੰਘ ਗਰੇਵਾਲ ਤੇ ਅਵਤਾਰ ਸਿੰਘ ਤਾਰੀ ਆਦਿ ਨੇ ਨਵ-ਨਿਯੁਕਤ ਆਗੂਆਂ ਨੂੰ ਮਿਲ ਕੇ ਵਧਾਈ ਦਿੱਤੀ, ਮੂੰਹ ਮਿੱਠਾ ਕਰਵਾਇਆ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਉਮੀਦ ਜਤਾਈ ਕਿ ਸਖਤ ਮਿਹਨਤੀ ਦੋਵਾਂ ਆਗੂਆਂ ਨੂੰ ਸੌਂਪੀ ਗਈ ਇਸ ਅਹਿਮ ਜ਼ਿੰਮੇਵਾਰੀ ਨਾਲ ਆਮ ਆਦਮੀ ਪਾਰਟੀ ਹੋਰ ਮਜ਼ਬੂਤ ਹੋਵੇਗੀ।

ਪੰਜਵੀਂ ਚੇਤਨਾ ਪਰਖ ਪ੍ਰੀਖਿਆ ਸਫਲਤਾਪੂਰਵਕ ਸੰਪੰਨ : ਰਜਿੰਦਰ ਰਾਜੂ

ਧੂਰੀ (ਸੁਖਦੇਵ ਧੂਰੀ)-ਵਿਦਿਆਰਥੀਆਂ ਦੀ ਸੋਚ ਵਿਗਿਆਨਕ ਬਣਾਉਣ ਹਿੱਤ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸੂਬਾ ਪੱਧਰੀ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ। ਇਹ ਪ੍ਰੀਖਿਆ ਸੰਸਾਰ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨੂੰ ਸਮਰਪਤ 3 ਸਤੰਬਰ ਨੂੰ ਧੂਰੀ ਕੇਂਦਰ ਵਿਖੇ ਵੀ ਕਰਵਾਈ ਗਈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਸੰਗਰੂਰ, ਬਰਨਾਲਾ ਦੇ ਸੱਭਿਆਚਾਰਕ ਵਿਭਾਗ ਦੇ ਮੁਖੀ ਰਾਜਿੰਦਰ ਰਾਜੂ, ਇਕਾਈ ਧੂਰੀ ਦੇ ਆਗੂਆਂ ਰਤਨ ਭੰਡਾਰੀ, ਕੁਲਵਿੰਦਰ ਬੰਟੀ ਤੇ ਯਾਦਵਿੰਦਰ ਧੂਰੀ ਨੇ ਦੱਸਿਆ ਕਿ ਧੂਰੀ ਇਕਾਈ ਦੇ ਸਥਾਨਕ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰੀਖਿਆ ਕੇਂਦਰ ਵਿਖੇ 379 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ, ਜਿਸ ਵਿੱਚ ਸੈਕੰਡਰੀ ਵਰਗ 154 ਤੇ ਮਿਡਲ ਵਰਗ 225 ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਪ੍ਰਫੁਲਤ ਕਰਨਾ, ਉਨ੍ਹਾਂ ਨੂੰ ਵਹਿਮਾਂ ਭਰਮਾਂ ਤੇ ਹਰ ਤਰ੍ਹਾਂ ਦੇ ਅੰਧਵਿਸ਼ਵਾਸਾਂ ਤੋਂ ਮੁਕਤ ਕਰਨਾ ਅਤੇ ਫਿਲਮੀ ਹੀਰੋਜ਼ ਦੀ ਥਾਂ ਵਿਗਿਆਨੀਆਂ, ਇਨਕਲਾਬੀ ਸ਼ਹੀਦਾਂ ਤੇ ਮਹਾਨ ਚਿੰਤਕਾਂ ਵਰਗੇ ਅਸਲ ਨਾਇਕਾਂ ਦੇ ਰੂ-ਬ-ਰੂ ਕਰਵਾਉਣਾ ਹੈ ਤਾਂ ਕਿ ਇੱਕ ਗਤੀਸ਼ੀਲ, ਵਿਗਿਆਨਕ ਤੇ ਸਿਹਤਮੰਦ ਸਮਾਜ ਦੀ ਉਸਾਰੀ ਵਿੱਚ ਉਹ ਆਪਣਾ ਵੱਡਾ ਯੋਗਦਾਨ ਪਾ ਸਕਣ। ਪ੍ਰੀਖਿਆ ਨੂੰ ਨਕਲ ਰਹਿਤ ਤੇ ਵਧੀਆ ਖੁਸ਼ਗਵਾਰ ਮਾਹੌਲ ਵਿੱਚ ਸੰਪੰਨ ਕਰਨ ਦੇ ਪ੍ਰਬੰਧ ਕੀਤੇ ਹੋਏ ਸਨ। ਉਨ੍ਹਾਂ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਾਰੇ ਸਕੂਲ ਮੁਖੀਆਂ, ਅਧਿਆਪਕਾਂ, ਮਾਪਿਆਂ, ਵਿਦਿਆਰਥੀਆਂ, ਤਰਕਸ਼ੀਲ ਮੈਂਬਰਾਂ ਤੇ ਸੁਹਿਰਦ ਵਿਅਕਤੀਆਂ ਦਾ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਧੰਨਵਾਦ ਕੀਤਾ। ਇਸ ਮੌਕੇ ਗਗਨਦੀਪ ਸ਼ਰਮਾ, ਸੁਖਪਾਲ ਬਮਾਲ, ਅਮਰਿੰਦਰ ਧੂਰੀ, ਅਸ਼ਵਨੀ ਕੁਮਾਰ, ਜਤਿੰਦਰ ਸਿੰਘ, ਰਾਜ ਸਿੰਘ, ਰਮੇਸ਼ ਕੁਮਾਰ, ਸੰਦੀਪ ਸੈਣੀ, ਟੀਨਾ ਰਾਣੀ, ਸੁਰਿੰਦਰ ਸਿੰਘ, ਤਰਸੇਮ ਸਿੰਘ, ਵਿਸਾਖਾ ਸਿੰਘ, ਮੰਗਲ ਸਿੰਘ, ਮਾਸਟਰ ਵਿਕਰਮ, ਹਰਦੀਪ ਕੌਰ, ਰਾਜਵੀਰ ਕੌਰ, ਤਨਵੀਰ, ਸੁਖਪ੍ਰੀਤ ਕੌਰ, ਕੋਮਲਪ੍ਰੀਤ ਕੌਰ ਸਮੇਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।

ਜ਼ੋਨਲ ਪੱਧਰੀ ਖੇਡਾਂ 'ਚ ਬਾਬਾ ਫ਼ਰੀਦ ਸਕੂਲ ਦੇ ਵਿਦਿਆਰਥੀ ਛਾਏ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਜ਼ੋਨਲ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਦੇ ਵਿਦਿਆਰਥੀ ਪੂਰੀ ਤਰ੍ਹਾਂ ਛਾਏ ਰਹੇ। ਬਠਿੰਡਾ ਜ਼ੋਨ ਦੇ ਅੰਤਰਗਤ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗ ਲਿਆ ਤੇ ਇਸ ਦੌਰਾਨ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਦੇ ਲੜਕੇ ਤੇ ਲੜਕੀਆਂ ਨੇ ਆਪਣੀ ਖੇਡ ਪ੍ਰਤਿਭਾ ਦਾ ਬਿਹਤਰੀਨ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਮਾਣ ਵਧਾਇਆ। ਸਕੂਲ ਦੇ ਖੇਡ ਇੰਚਾਰਜ ਜਤਿੰਦਰ ਕੁਮਾਰ ਦੀ ਯੋਗ ਅਗਵਾਈ ਹੇਠ ਅੰਡਰ-19 (ਲੜਕੀਆਂ) ਦੇ ਵਰਗ ਵਿੱਚ ਸਕੂਲ ਦੀਆਂ ਲੜਕੀਆਂ ਨੇ ਰੱਸਾਕਸ਼ੀ, ਬਾਸਕਟਬਾਲ ਤੇ ਬੈਡਮਿੰਟਨ ਦੇ ਮੁਕਾਬਲੇ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਅੰਡਰ-17 (ਲੜਕੀਆਂ) ਦੇ ਵਰਗ ਤਹਿਤ ਸਕੂਲ ਦੀਆਂ ਲੜਕੀਆਂ ਨੇ ਰੱਸਾਕਸ਼ੀ ਤੇ ਬੈਡਮਿੰਟਨ ਦੇ ਮੁਕਾਬਲੇ 'ਚ ਕਾਂਸੀ ਦਾ ਤਮਗ਼ਾ ਜਿੱਤਿਆ। ਇਸੇ ਤਰ੍ਹਾਂ ਅੰਡਰ-19 (ਲੜਕਿਆਂ) ਦੇ ਵਰਗ ਵਿੱਚ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਦੇ ਵਿਦਿਆਰਥੀਆਂ ਨੇ ਰੱਸਾਕਸ਼ੀ, ਫੁੱਟਬਾਲ ਤੇ ਖੋ-ਖੋ 'ਚ ਗੋਲਡ ਮੈਡਲ ਅਤੇ ਬੈਡਮਿੰਟਨ 'ਚ ਸਿਲਵਰ ਮੈਡਲ ਜਿੱਤ ਕੇ ਨਾਮਣਾ ਖੱਟਿਆ ਹੈ। ਇਸ ਤੋਂ ਇਲਾਵਾ ਅੰਡਰ-19 (ਲੜਕਿਆਂ) ਦੇ ਵਰਗ 'ਚ ਇਸ ਸਕੂਲ ਦੇ ਵਿਦਿਆਰਥੀਆਂ ਨੇ ਕੁਸ਼ਤੀ ਮੁਕਾਬਲੇ 'ਚ 2 ਗੋਲਡ ਮੈਡਲ ਤੇ ਜੂਡੋ 'ਚ ਵੀ 2 ਗੋਲਡ ਮੈਡਲ ਹਾਸਲ ਕੀਤੇ। ਸਕੂਲ ਦੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਸਿੱਧੂ ਨੇ ਜੇਤੂ ਵਿਦਿਆਰਥੀਆਂ ਨੂੰ ਹਲਾਸ਼ੇਰੀ ਦਿੰਦੇ ਹੋਏ ਵਧਾਈ ਦਿੱਤੀ ਤੇ ਇਨ੍ਹਾਂ ਪ੍ਰਾਪਤੀਆਂ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ ਤੇ ਖੇਡ ਵਿਭਾਗ ਦੇ ਅਧਿਆਪਕਾਂ ਨੂੰ ਦਿੱਤਾ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

ਜ਼ਿਲ੍ਹਾ ਜਥੇਦਾਰ ਬਣਨ 'ਤੇ ਜਸਮੇਲ ਸਿੰਘ ਬੌਂਦਲੀ ਸਨਮਾਨਤ

ਸਮਰਾਲਾ (ਸੁਰਜੀਤ ਸਿੰਘ)-ਪਿੰਡ ਬੌਂਦਲੀ ਦੇ ਸਮੁੱਚੇ ਨਗਰ ਨਿਵਾਸੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਹਾਈਕਮਾਨ ਦਾ ਧੰਨਵਾਦ ਕੀਤਾ। ਪਿੰਡ ਵਾਸੀਆਂ ਨੇ ਸੱਦੇ ਗਏ ਸਮਾਗਮ 'ਚ ਜ਼ਿਲ੍ਹਾ ਜਥੇਦਾਰ ਜਸਮੇਲ ਸਿੰਘ ਬੌਂਦਲੀ ਅਤੇ ਪਾਰਟੀ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕਰਦਿਆਂ ਉਨ੍ਹਾਂ ਦਾ ਲੱਡੂਆਂ ਦਾ ਨਾਲ ਮੂੰਹ ਵੀ ਮਿੱਠਾ ਕਰਾਇਆ। ਸਮੁੱਚੇ ਨਗਰ ਨੇ ਬੌਂਦਲੀ ਤੇ ਢਿੱਲੋਂ ਨੂੰ ਭਰੋਸਾ ਦਿਵਾਇਆ ਕਿ ਉਹ ਪਾਰਟੀ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਹੀ ਉਨ੍ਹਾਂ ਦਾ ਪੂਰਾ ਡਟਵਾਂ ਸਾਥ ਦੇਣਗੇ। ਜ਼ਿਲ੍ਹਾ ਪ੍ਰਧਾਨ ਜਸਮੇਲ ਸਿੰਘ ਬੌਂਦਲੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਉਹ ਪਿੰਡ ਵਾਸੀਆਂ ਨੂੰ ਕੋਈ ਵੀ ਮੁਸ਼ਕਲ ਨਹੀਂ ਆਉਣ ਦੇਣਗੇ ਅਤੇ ਹਮੇਸ਼ਾ ਵਾਂਗ ਹਰੇਕ ਪਰਵਾਰ ਦੇ ਸੁੱਖ-ਦੁੱਖ ਵਿੱਚ ਉਨ੍ਹਾਂ ਦੇ ਨਾਲ ਖੜਨਗੇ।

ਪਰਮਿੰਦਰ ਢੀਂਡਸਾ ਗੰਨਾ ਕਾਸ਼ਤਕਾਰਾਂ ਦੇ ਧਰਨੇ 'ਚ ਪੁੱਜੇ

ਧੂਰੀ (ਸੁਖਦੇਵ ਧੂਰੀ)-ਧੂਰੀ ਹਲਕੇ ਦੇ ਗੰਨਾ ਕਾਸ਼ਤਕਾਰਾਂ ਵੱਲੋਂ ਗੰਨੇ ਦੀ ਬਕਾਇਆ ਰਾਸ਼ੀ ਨੂੰ ਲੈ ਕੇ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਅੱਜ ਗੰਨਾ ਕਾਸ਼ਤਕਾਰਾਂ ਦੇ ਸੰਘਰਸ਼ ਦੀ ਹਮਾਇਤ ਕਰਨ ਲਈ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਨਾਜ ਮੰਡੀ ਧੂਰੀ ਵਿੱਚ ਪਹੁੰਚੇ ਤੇ ਗੰਨਾ ਕਾਸ਼ਤਕਾਰਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਗੰਨਾ ਕਾਸ਼ਤਕਾਰਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਿਆਂ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੀ ਕਿਸਾਨੀ ਤੇ ਹੋਰ ਵਰਗਾਂ ਲਈ ਸਹੂਲਤਾਂ ਦੇ ਫੋਕੇ ਐਲਾਨ ਕਰ ਰਹੇ ਹਨ, ਪ੍ਰੰਤੂ ਉਹ ਆਪਣੇ ਹਲਕੇ ਦੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੀ ਬਕਾਇਆ ਰਾਸ਼ੀ ਦਿਵਾਉਣ ਤੋਂ ਅਸਮਰਥ ਹਨ ਅਤੇ ਗੰਨਾ ਕਾਸ਼ਤਕਾਰਾਂ ਨੂੰ ਆਪਣੀ ਫਸਲ ਦੀ ਅਦਾਇਗੀ ਲੈਣ ਲਈ ਸੰਘਰਸ਼ ਕਰਨੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਗੰਨਾ ਕਾਸ਼ਤਕਾਰਾਂ ਦੇ ਹੱਕ ਵਿੱਚ ਡਟ ਕੇ ਖੜੀ ਹੈ। ਇਸ ਮੌਕੇ ਗੰਨਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਬੁਗਰਾ ਤੇ ਹੋਰ ਵੀ ਕਿਸਾਨ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਮੁਲਾਜ਼ਮਾਂ ਦੇ ਕਿਸੇ ਵੀ ਅੰਦੋਲਨ ਨੂੰ ਲਾਠੀ-ਗੋਲ਼ੀ ਨਾਲ ਨਹੀਂ ਦਬਾਇਆ ਜਾ ਸਕਦਾ : ਆਗੂ

ਮੋਗਾ (ਅਮਰਜੀਤ ਬੱਬਰੀ)

ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਸੱਦੇ 'ਤੇ ਅਧਿਆਪਕ ਦਿਵਸ ਨੂੰ ਸਮਰਪਤ ਜ਼ਿਲ੍ਹਾ ਮੋਗਾ ਦੇ ਆਗੂਆਂ ਵੱਲੋਂ ਮੰਗ ਪੱਤਰ ਡਿਪਟੀ ਕਮਿਸ਼ਨਰ ਮੋਗਾ ਰਾਹੀਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਦੇ ਨਾਂਅ ਭੇਜਿਆ ਗਿਆ, ਜਿਸ ਦੀ ਅਗਵਾਈ ਜ਼ਿਲ੍ਹੇ ਮੋਗਾ ਦੇ ਆਗੂਆਂ ਜੱਜਪਾਲ ਸਿੰਘ ਬਾਜੇ ਕੇ, ਗੁਰਪ੍ਰੀਤ ਅਮੀਵਾਲ, ਪ੍ਰਗਟਜੀਤ ਕਿਸ਼ਨਪੁਰਾ, ਜਤਿੰਦਰ ਭੋਲਾ ਤੇ ਸੁਖਜਿੰਦਰ ਮੋਗਾ ਵੱਲੋਂ ਕੀਤੀ ਗਈ।

ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਅਧਿਆਪਕਾਂ ਦੀਆਂ ਮੰਗਾਂ ਮੰਨਣ ਤੋਂ ਲਗਾਤਾਰ ਟਾਲ਼ਾ ਵੱਟਿਆ ਜਾ ਰਿਹਾ ਹੈ। ਇਸ ਸਮੇਂ ਸਰਕਾਰ ਨੂੰ ਭੇਜੇ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਮੁਲਾਜ਼ਮਾਂ 'ਤੇ ਲਾਇਆ ਐਸਮਾ ਕਾਨੂੰਨ ਰੱਦ ਕੀਤਾ ਜਾਵੇ, ਕੌਮੀ ਸਿੱਖਿਆ ਨੀਤੀ 2020 'ਤੇ ਅਮਲ ਬੰਦ ਕੀਤਾ ਜਾਵੇ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਿਫਟ ਕੀਤਾ ਜਾਵੇ, ਕੱਚੇ ਅਧਿਆਪਕਾਂ ਨੂੰ ਪੂਰੇ ਗਰੇਡ 'ਤੇ ਰੈਗੂਲਰ ਕੀਤਾ ਜਾਵੇ, ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ ਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਵਿਸ਼ੇ ਵਾਇਜ਼ ਅਧਿਆਪਕ ਦਿੱਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਖਾਲੀ ਅਸਾਮੀਆਂ ਰੈਗੂਲਰ ਗਰੇਡ 'ਤੇ ਭਰੀਆਂ ਜਾਣ, ਪ੍ਰਾਇਮਰੀ ਦੀਆਂ ਰੋਕੀਆਂ ਪ੍ਰਮੋਸ਼ਨਾਂ ਤਰੁੰਤ ਕੀਤੀਆਂ ਜਾਣ, ਸਾਲ ਵਿੱਚ ਦੋ ਵਾਰ ਸਾਰੇ ਕਾਡਰ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ, ਮਾਨਯੋਗ ਹਾਈਕੋਰਟ ਦੇ ਫੈਸਲੇ ਦੀ ਰੌਸ਼ਨੀ ਵਿੱਚ ਪਰਬੇਸ਼ਨ ਸਮੇਂ ਪੂਰੀ ਤਨਖਾਹ ਦਿੱਤੀ ਜਾਵੇ, ਬੰਦ ਕੀਤੇ ਭੱਤੇ ਬਹਾਲ ਕੀਤੇ ਜਾਣ, 125% ਮਹਿੰਗਾਈ ਭੱਤੇ ਤੇ ਛੇਵੇਂ ਤਨਖਾਹ ਕਮਿਸ਼ਨ ਵੱਲੋਂ ਸਿਫ਼ਾਰਸ਼ ਕੀਤਾ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇ, 2018 ਦੇ ਅਧਿਆਪਕ ਵਿਰੋਧੀ ਨਿਯਮ ਰੱਦ ਕੀਤੇ ਜਾਣ, ਨਵੇਂ ਭਰਤੀ 4161 ਅਧਿਆਪਕਾਂ ਨੂੰ ਤਨਖਾਹ 9 ਮਈ ਤੋਂ ਦਿੱਤੀ ਜਾਵੇ, ਮਿਊਜ਼ਿਕ ਅਧਿਆਪਕਾਂ ਤੇ ਡੀ ਪੀ ਈ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦਿੱਤੀ ਜਾਵੇ ਤੇ ਪੈਡਿੰਗ ਅਧਿਆਪਕਾਂ ਦੀਆਂ ਭਰਤੀਆਂ ਨੂੰ ਮੁਕੰਮਲ ਕੀਤਾ ਜਾਵੇ ਆਦਿ।

ਜੰਗਲਾਤ ਵਰਕਰਾਂ ਵੱਲੋਂ 17 ਦੀ ਸੂਬਾਈ ਰੈਲੀ 'ਚ ਸ਼ਾਮਲ ਹੋਣ ਦਾ ਫੈਸਲਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਰੇਂਜ ਰਈਆ-1 ਅਤੇ ਰਈਆ-2 ਵੱਲੋਂ ਬਾਬਾ ਬਕਾਲਾ ਵਿਖੇ ਸੁੱਖਾ ਸਿੰਘ ਲੋਹਗੜ੍ਹ ਦੀ ਪ੍ਰਧਾਨਗੀ ਹੇਠ ਸਾਂਝੀ ਮੀਟਿੰਗ ਕੀਤੀ ਗਈ ਜਿਸ ਵਿੱਚ ਜਥੇਬੰਦੀ ਵੱਲੋਂ 17 ਨੂੰ ਪਿੰਡ ਕਟਾਰੂਚੱਕ ਵਿਖੇ ਵਣ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਘਰ ਅੱਗੇ ਦਿੱਤੇ ਜਾਣ ਵਾਲੇ ਰੋਸ ਧਰਨੇ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਗੁਰਦੀਪ ਸਿੰਘ ਕਲੇਰ ਨੇ ਕਿਹਾ ਕਿ ਜੰਗਲਾਤ ਵਿਭਾਗ ਵਿੱਚ ਪਿਛਲੇ 20-20 ਸਾਲਾ ਤੋਂ ਕੰਮ ਕਰਦੇ ਵਰਕਰਾਂ ਨੂੰ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਵਲੋਂ ਜਾਇਜ਼ ਮੰਗਾ

5-Sep-PAGE-8.qxd 9/4/2023 10:36 PM Page 1

ਵਿਕਾਸ ਕਾਰਜਾਂ ਲਈ ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਰਾਜਾ

ਟਾਂਡਾ ਉੜਮੁੜ, (ਓਕਾਰ ਸਿੰਘ, ਜਸਵਿੰਦਰ ਸੰਧੂ)- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੋਜੂਦਾ ਸਰਕਾਰ ਵੱਲੋਂ ਜਨਤਾ ਦੀ ਸਹੂਲਤ ਲਈ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਲਈ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਸੀਂ ਵਿਦਿਆ ਅਤੇ ਹੈਲਥ ਨੂੰ ਪਹਿਲੇ ਨੰਬਰ 'ਤੇ ਲੈ ਕੇ ਤੁਰ ਰਹੇ ਹਾਂ ਤਾਂ ਜੋ ਲੋਕਾਂ ਨੂੰ ਚੰਗੀ ਸਿਹਤ ਸਹੂਲਤ ਅਤੇ ਸਿੱਖਿਆ ਦਿੱਤੀ ਜਾ ਸਕੇ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਮਹੁਲਾ ਕੱਚਾ ਕਿਲਾ ਵਾਰਡ ਨੰਬਰ 8 ਟਾਂਡਾ ਵਿਖੇ ਕਰੀਬ 7 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਜੰਞ ਘਰ ਦਾ ਉਦਘਾਟਨ ਕਰਨ ਸਮੇਂ ਕੀਤਾ। ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ ਜਗਜੀਵਨ ਜੱਗੀ ਦੀ ਅਗਵਾਈ ਹੇਠ ਹੋਏ ਪ੍ਰੋਗਰਾਮ ਦੌਰਾਨ ਪ੍ਰਿੰਸੀਪਲ ਸਾਹਿਬ ਸਿੰਘ ਨੇ ਐਮ.ਐਲ.ਏ ਜਸਬੀਰ ਸਿੰਘ ਰਾਜਾ ਦਾ ਸਵਾਗਤ ਕੀਤਾ। ਜਿਸ ਉਪਰੰਤ ਉੱਥੇ ਹਾਜਰ ਅਹੁਦੇਦਾਰਾਂ ਤੇ ਮੁਹੱਲਾ ਨਿਵਾਸੀਆਂ ਦੀ ਮੌਜੂਦਗੀ ਵਿੱਚ ਉਦਘਾਟਨ ਕਰਨ ਸਮੇਂ ਵਿਧਾਇਕ ਜਸਵੀਰ ਰਾਜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿਚ ਜਿੱਥੇ ਹੋਰਨਾਂ ਖੇਤਰਾਂ ਵਿੱਚ ਇਤਿਹਾਸਕ ਵਿਕਾਸ ਕਾਰਜ ਹੋ ਰਹੇ ਹਨ ਉਥੇ ਹੀ ਲੋਕਾਂ ਦੀ ਸਹੂਲਤ ਨਾਲ ਜੁੜੇ ਹੋਏ ਪ੍ਰੋਜੈਕਟਾਂ ਨੂੰ ਵੀ ਲੱਖਾਂ ਰੁਪਏ ਲਾ ਕੇ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਇਸ ਮੌਕੇ ਉਹਨਾਂ ਨੇ ਵਾਰਡ ਵਾਸੀਆਂ ਦੀਆਂ ਵੱਖ-ਵੱਖ ਮੁਸ਼ਕਲਾਂ ਵੀ ਸੁਣੀਆਂ। ਇਸ ਮੌਕੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ ਨਗਰ ਕੌਂਸਲ ਟਾਂਡਾ ਦੇ ਸਾਬਕਾ ਪ੍ਰਧਾਨ ਹਰਕ੍ਰਿਸ਼ਨ ਸੈਣੀ, ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਕਾਰਜ ਸਾਧਕ ਅਫਸਰ ਰਾਮਪਾਲ ਸਿੰਘ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਗੁਰਦੀਪ ਸਿੰਘ ਹੈਪੀ, ਜਗਦੀਸ਼ ਲਾਂਬਾ, ਗੁਰਪਾਲ ਸਿੰਘ ਸੈਣੀ, ਹਰਭਜਨ ਸਿੰਘ ਸਿੱਧੂ, ਅਵਤਾਰ ਸਿੰਘ ਤਾਰੀ, ਪ੍ਰੇਮ ਪਡਵਾਲ, ਬਲਜੀਤ ਸੈਣੀ, ਸਵਰਨ ਸਿੰਘ ਜੋਸ, ਕੈਪਟਨ ਦਲਵੀਰ ਸਿੰਘ, ਮਾਸਟਰ ਅਮਰਜੀਤ ਸਿੰਘ, ਚਮਨ ਲਾਲ, ਅਮਰ ਸਿੰਘ , ਸੁਰਿੰਦਰ ਕੁਮਾਰ, ਸੁਰਿੰਦਰ ਕੁਮਾਰ ਸੋਢੀ, ਜੀਤ ਪਾਲ ਸਿੱਧੂ, ਕਮਲ ਧੀਰ, ਲੇਖਰਾਜ, ਸੁਖਰਾਜ ਸਿੰਘ, ਹਰਜੀਤ ਸਿੰਘ ,ਹਰਵਿੰਦਰ ਕਲੋਟੀ ,ਰਾਜਨ ਸੋਧੀ ਦੇ ਨਾਂਅ ਵਰਣਨਯੋਗ ਹਨ।

ਡਿਪਟੀ ਸਪੀਕਰ ਵੱਲੋਂ ਅਚਲਪੁਰ ਵਿਖੇ ਫ਼ਸਲ ਤੇ ਸਬਜ਼ੀ ਖਰੀਦ ਕੇਂਦਰ ਸ਼ੁਰੂ ਕਰਨ ਦਾ ਭਰੋਸਾ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)—ਬੀਤ ਇਲਾਕੇ ਦੀਆਂ ਸਮੁੱਚੀਆਂ ਸਮੱਸਿਆਵਾਂ ਅਤੇ ਮੰਗਾਂ ਮੇਰੇ ਧਿਆਨ ਵਿੱਚ ਹਨ ਜੋ ਕ੍ਰਮਵਾਰ ਪੂਰੀਆਂ ਕਰਨ ਲਈ ਸਰਕਾਰ ਵਚਨਬੱਧ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬੀਤ ਖੇਤਰ ਦੀ ਧਰੋਹਰ ਵਜੋਂ ਜਾਣੇ ਜਾਂਦੇ ਇਤਿਹਾਸਕ ਅਤੇ ਪ੍ਰਾਚੀਨ ਮੇਲਾ "ਛਿੰਝ ਛਰਾਹਾਂ ਦੀ" ਨੂੰ ਪੰਜਾਬ ਸਰਕਾਰ ਵਲੋਂ ਵਿਰਾਸਤੀ ਮੇਲਾ ਘੋਸ਼ਿਤ ਕਰਨ 'ਤੇ ਮੰਦਰ ਸਿੱਧ ਬਾਬਾ ਬਾਲਕ ਰੂਪ ਅਚਲਪੁਰ (ਛਰਾਹਾਂ) ਵਿਖੇ ਆਯੋਜਿਤ ਸਨਮਾਨ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਬੋਲਦਿਆਂ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕੀਤਾ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਹਲਕੇ ਦੇ ਜਿਹੜੇ ਪਿੰਡ ਵਿੱਚ ਸਰਬਸੰਮਤੀ ਨਾਲ ਪੰਚਾਇਤ ਦਾ ਗਠਨ ਹੋਵੇਗਾ ਉਸ ਪਿੰਡ ਨੂੰ ਮੁੱਖ ਮੰਤਰੀ ਪੰਜਾਬ ਵਲੋਂ ਪੰਜ ਲੱਖ ਤੇ ਪੰਜ ਲੱਖ ਉਹ ਆਪਣੀ ਵਿਵੇਕੀ ਗਰਾਂਟ ਵਿਚੋਂ ਦਿੱਤੇ ਜਾਣਗੇ । ਨਸ਼ੇ ਕਰਨ ਵਾਲ਼ਆਂ ਦਾ ਇਲਾਜ ਕਰਵਾਇਆ ਜਾਵੇਗਾ ਅਤੇ ਵੇਚਣ ਵਾਲਿਆਂ ਦਾ ਇਲਾਜ ਕੀਤਾ ਜਾਵੇਗਾ। ਅਚਲਪੁਰ ਵਿਖੇ ਫ਼ਸਲ ਅਤੇ ਸਬਜ਼ੀ ਖਰੀਦ ਕੇਂਦਰ ਸ਼ੁਰੂ ਕਰਨ ਸਮੇਤ ਬੀਤ ਦੀਆਂ ਹੋਰ ਮੰਗਾਂ ਮੰਨਣ ਦਾ ਵੀ ਭਰੋਸਾ ਦਿੱਤਾ। ਸਮਾਗਮ ਦੀ ਸ਼ੁਰੂਆਤ ਮੌਕੇ ਓ.ਐੱਸ.ਡੀ ਟੂ ਡਿਪਟੀ ਸਪੀਕਰ ਚਰਨਜੀਤ ਸਿੰਘ ਚੰਨੀ ਨੇ ਸਮਾਗਮ ਅਤੇ ਇਤਿਹਾਸਕ ਮੇਲੇ ਸੰਬੰਧੀ ਜਾਣ-ਪਛਾਣ ਕਰਵਾਈ। ਆਪ ਯੂਥ ਵਿੰਗ ਦੇ ਆਗੂ ਬਲਜਿੰਦਰ ਅਟਵਾਲ ਨੈਣਵਾਂ ਨੇ ਮੁੱਖ ਮਹਿਮਾਨ ਅਤੇ ਹਾਜ਼ਰੀਨ ਨੂੰ ਜੀ ਆਇਆਂ ਨੂੰ ਕਹਿੰਦਿਆਂ ਬੀਤ ਦੇ ਲੋਕਾਂ ਦੀ ਵਿਰਾਸਤੀ ਮੇਲੇ ਸੰਬੰਧੀ ਚਿਰੋਕਣੀ ਮੰਗ ਨੂੰ ਪੂਰਾ ਕਰਨ ਲਈ ਡਿਪਟੀ ਸਪੀਕਰ ਦਾ ਧੰਨਵਾਦ ਕੀਤਾ।

ਇਸ ਉਪਰੰਤ ਸਰਪੰਚ ਚੈਨ ਸਿੰਘ ਟਿੱਬੀਆਂ ਵਲੋਂ ਬੀਤ ਇਲਾਕੇ ਦੀਆਂ ਮੰਗਾਂ ਅਤੇ ਔਕੜਾਂ ਡਿਪਟੀ ਸਪੀਕਰ ਦੇ ਧਿਆਨ ਵਿੱਚ ਲਿਆ ਕੇ ਇਹਨਾਂ ਦੇ ਸਮਾਧਾਨ ਲਈ ਅਪੀਲ ਕੀਤੀ। ਉਪਰੰਤ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੁਸਤਕ ਵਿੱਚ ਪ੍ਰਕਾਸ਼ਿਤ ਪਾਠ "ਛਿੰਝ ਛਰਾਹਾਂ ਦੀ" ਦੇ ਲੇਖਕ ਅਮਰੀਕ ਸਿੰਘ ਦਿਆਲ਼ ਨੇ ਕਿਹਾ ਕਿ ਬਦਲਾਅ ਕੁਦਰਤ ਦਾ ਨਿਯਮ ਹੈ ਪਰ ਵਿਰਸੇ ਨੂੰ ਸੰਭਾਲਣ ਵਾਲੀਆਂ ਕੌਮਾਂ ਹੀ ਤਰੱਕੀ ਕਰਦੀਆਂ ਹਨ। "ਛਿੰਝ ਛਰਾਹਾਂ ਦੀ" ਮੇਲਾ ਜਿੱਥੇ ਸਮੁੱਚੇ ਲੋਕਾਂ ਨੂੰ ਇੱਕ ਲੜੀ ਵਿੱਚ ਪ੍ਰੋਣ ਦਾ ਕੰਮ ਕਰਦਾ ਹੈ ਉੱਥੇ ਬੀਤ ਖਿੱਤੇ ਦੀ ਵਿਰਾਸਤੀ ਨਿਸ਼ਾਨੀ ਹੋਣ ਦੇ ਨਾਲ਼-ਨਾਲ਼ ਇਸ ਖੇਤਰ ਦੇ ਸੱਭਿਆਚਾਰ ਦੀ ਤਰਜ਼ਮਾਨੀ ਵੀ ਕਰਦਾ ਹੈ। ਮੇਲੇ ਨੂੰ ਵਿਰਾਸਤੀ ਦਰਜਾ ਮਿਲਣਾ ਖੁਸ਼ੀ ਵਾਲ਼ੀ ਗੱਲ ਹੈ। ਉਹਨਾਂ ਬੀਤ ਇਲਾਕੇ ਦੀਆਂ ਖੇਤੀਬਾੜੀ ਨਾਲ ਸੰਬੰਧਤ ਸਮੱਸਿਆਵਾਂ ਜਿਵੇਂ ਅਚਲਪੁਰ ਵਿਖੇ ਫ਼ਸਲ ਅਤੇ ਸਬਜੀ ਖਰੀਦ ਕੇਂਦਰ ਖੋਲ੍ਹਣਾ, ਮੁੱਕੀ ਸੁਕਾਉਣ ਲਈ ਡ੍ਰਾਇਰ ਦੀ ਵਿਵਸਥਾ, ਸਮੁੱਚੇ ਰਕਬੇ ਲਈ ਕੰਡਿਆਲੀ ਤਾਰ, ਫ਼ਸਲਾਂ ਦੇ ਨੁਕਸਾਨ ਨੂੰ ਕੁਦਰਤੀ ਆਫ਼ਤ ਮੰਨ ਕੇ ਮੁਆਵਜ਼ੇ ਸੰਬੰਧੀ ਜਾਰੀ ਨੋਟੀਫਿਕੇਸ਼ਨ ਲਾਗੂ ਕਰਨਾ, ਸੋਕੇ ਅਤੇ ਨੁਕਸਾਨ ਦੀ ਭਰਪਾਈ ਕਰਨਾ ਆਦਿ ਦੇ ਹੱਲ਼ ਲਈ ਬੀਤ ਇਲਾਕੇ ਦੀ ਭੂਗੋਲਿਕ ਸਥਿਤੀ ਦੇ ਮੱਦੇਨਜ਼ਰ ਨਵੀਂ ਖੇਤੀ ਨੀਤੀ ਵਿੱਚ ਸਥਾਨ ਦੇਣ ਦੀ ਪੁਰਜ਼ੋਰ ਅਪੀਲ ਕੀਤੀ। ਰਣਯੋਧ ਵਿੱਕੀ ਨੈਣਵਾਂ ਨੇ ਬੀਤ ਇਲਾਕੇ ਨੂੰ ਦਰਪੇਸ਼ ਔਕੜਾਂ ਬਾਰੇ ਚਾਨਣਾ ਪਾਇਆ। ਪ੍ਰਕਾਸ਼ ਪ੍ਰੇਮੀ ਭਵਾਨੀਪੁਰ ਨੇ ਰੌੜੀ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਆਏ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਹੰਤ ਅਸ਼ੋਕ ਕੁਮਾਰ ਵਲੋਂ ਮੁੱਖ ਮਹਿਮਾਨ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਚਰਨਜੀਤ ਸਿੰਘ ਚੰਨੀ ਓ.ਐੱਸ.ਡੀ ਨੇ ਬਾਖੂਬੀ ਨਿਭਾਈ। ਸਮਾਗਮ ਦੌਰਾਨ ਹਰਿੰਦਰ ਮਾਨ ਕੌਂਸਲਰ ਗੜ੍ਹਸ਼ੰਕਰ, ਕਿਸ਼ਨ ਚੰਦ, ਵੀਰ ਸਿੰਘ ਹਰਵਾਂ, ਬਲਜਿੰਦਰ ਅਟਵਾਲ ,ਗੁਰਭਾਗ ਸਿੰਘ ਖੁਰਾਲੀ, ਸੁੱਚਾ ਰਾਮ ਸਰਪੰਚ ਰਤਨ ਪੁਰ, ਸੁਰਿੰਦਰ ਧੀਮਾਨ, ਅਸ਼ੋਕ ਸੀਹਵਾਂ, ਸੰਤੋਖ ਸਿੰਘ ਸੋਖੋਵਾਲ, ਗੁਰਚਰਨ ਸਿੰਘ ਭਵਾਨੀਪੁਰ, ਸੰਜੀਵ ਸਿੰਘ , ਰਾਮ ਸ਼ਾਹ ਸਰਪੰਚ ਪੰਡੋਰੀ, ਚਾਰੰਜੀ ਲਾਲ ਸਰਪੰਚ ਹਰਵਾਂ,ਵਰਿੰਦਰ ਨੈਣਵਾਂ, ਜਨਨੈਲ ਜੈਲਾ ਗੜ੍ਹੀ ਮਾਨਸੋਵਾਲ, ਸਰਪੰਚ ਰੋਸ਼ਨ ਨੈਣਵਾਂ, ਮੰਗਤ ਰਾਮ ਸਰਪੰਚ ਕਾਲੇਵਾਲ ਬੀਤ, ਚੂਹੜ ਸਿੰਘ ਸਰਪੰਚ ਅਚਲਪੁਰ, , ਸੋਨੂੰ ਧੀਮਾਨ ਨੈਣਵਾਂ, ਹਰਜੋਤ ਜੋਤੀ ਹੈਬੋਵਾਲ ਸਮੇਤ ਇਲਾਕੇ ਭਰ ਤੋਂ ਵੱਡੀ ਗਿਣਤੀ ਲੋਕ ਹਾਜ਼ਰ ਸਨ।

ਰਾਤ ਨੂੰ ਸ਼ਹਿਰ ਦੀ ਸ.ਫ਼ਾਈ ਕਰੇਗਾ ਨਾਈਟ ਸਕੁਐਡ

ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)-ਨਗਰ ਨਿਗਮ ਹੁਸ਼ਿਆਰਪੁਰ ਨੇ ਬਿਹਤਰੀਨ ਪਹਿਲ ਕਰਦੇ ਹੋਏ ਰਾਤ ਨੂੰ ਸ਼ਹਿਰ ਵਿਚ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਜਿਸ ਤਹਿਤ ਨਿਗਮ ਦੇ 25 ਸਫ਼ਾਈ ਕਰਮਚਾਰੀਆਂ ਦਾ ਨਾਈਟ ਸਕੁਐਡ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿਚ ਰਾਤ ਨੂੰ ਸਫ਼ਾਈ ਮੁਹਿੰਮ ਚਲਾਵੇਗਾ। ਨਗਰ ਨਿਗਮ ਦੇ ਇਸ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਬੀਤੀ ਦੇਰ ਰਾਤ ਘੰਟਾ ਘਰ ਤੋਂ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ ਅਤੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਵੀ ਮੌਜੂਦ ਸਨ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੈਬਨਿਟ ਮੰਤਰੀ ਨੇ ਨਗਰ ਨਿਗਮ ਦੇ ਇਸ ਵਿਸ਼ੇਸ਼ ਉਪਰਾਲੇ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਇਸ ਮੁਹਿੰਮ ਦੇ ਸ਼ੁਰੂ ਹੋਣ ਨਾਲ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਦੇ ਯਤਨਾਂ ਨੂੰ ਹੋਰ ਬਲ ਮਿਲੇਗਾ ਅਤੇ ਵਿਸ਼ੇਸ਼ ਕਰਕੇ ਸਵੇਰੇ ਸੈਰ ਕਰਨ ਵਾਲੇ ਲੋਕਾਂ ਅਤੇ ਦੁਕਾਨਦਾਰਾਂ ਨੂੰ ਸ਼ਹਿਰ ਸਾਫ਼-ਸੁਥਰਾ ਦਿਸੇਗਾ। ਉਨ੍ਹਾਂ ਨਗਰ ਨਿਗਮ ਦੇ ਸਫ਼ਾਈ ਕਰਮਚਾਰੀਆਂ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਫ਼ਾਈ ਕਰਮਚਾਰੀਆਂ ਵੱਲੋਂ ਰੋਜ਼ਾਨਾ ਸਵੇਰੇ-ਸਵੇਰੇ ਸ਼ਹਿਰ ਦੀ ਸਫ਼ਾਈ ਕੀਤੀ ਜਾਂਦੀ ਹੈ, ਪਰੰਤੂ ਰਾਤ ਵਿਚ ਵੀ ਸ਼ਹਿਰ ਦੀ ਸਫ਼ਾਈ ਦਾ ਬੀੜਾ ਉਠਾ ਕੇ ਉਨ੍ਹਾਂ ਨੇ ਸਵੱਛਤਾ ਮੁਹਿੰਮ ਵਿਚ ਆਪਣਾ ਮੋਹਰੀ ਯੋਗਦਾਨ ਦਿੱਤਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ 25 ਸਫ਼ਾਈ ਕਰਮਚਾਰੀਆਂ ਨੇ ਨਾਈਟ ਸਕੁਐਡ ਨੂੰ ਵਿਸ਼ੇਸ਼ ਤੌਰ 'ਤੇ ਰੇਡੀਅਮ ਪੱਟੀ ਵਾਲੀ ਨਾਈਟ ਡਰੈਸ ਦਿੱਤੀ ਗਈ ਹੈ, ਤਾਂ ਜੋ ਰਾਤ ਨੂੰ ਸਫ਼ਾਈ ਦੌਰਾਨ ਕੋਈ ਦੁਰਘਟਨਾ ਨਾ ਹੋ ਸਕੇ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਪਲਾਸਟਿਕ ਅਤੇ ਹੋਰ ਕੂੜਾ ਸੜਕਾਂ 'ਤੇ ਨਾ ਸੁੱਟ ਕੇ ਸ਼ਹਿਰ ਵਿਚ ਬਣਾਏ ਗਏ ਡੰਪ ਅਤੇ ਡਸਟਬਿਨ ਵਿਚ ਹੀ ਸੁੱਟਣ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵਲੋਂ ਸਫ਼ਾਈ ਲਈ ਰੂਟ ਮੈਪ ਬਣਾਇਆ ਗਿਆ ਹੈ ਅਤੇ ਸਫ਼ਾਈ ਕਰਮਚਾਰੀ ਟੀਮਾਂ ਬਣਾ ਕੇ ਉਨ੍ਹਾਂ ਰੂਟਾਂ 'ਤੇ ਰੋਜ਼ਾਨਾ ਦੇਰ ਰਾਤ ਸਫ਼ਾਈ ਕਰਨਗੇ। ਇਸ ਮੌਕੇ ਦਿ ਹੁਸ਼ਿਆਰਪੁਰ ਸੈਂਟਰਲ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸਫ਼ਾਈ ਕਰਮਚਾਰੀ ਯੂਨਿਅਨ ਦੇ ਪ੍ਰਧਾਨ ਕਰਮਜੋਤ, ਰਮਨ ਕੁਮਾਰ, ਕਾਮਰੇਡ ਗੰਗਾ ਪ੍ਰਸ਼ਾਦ, ਸੰਤੋਸ਼ ਸੈਣੀ, ਮਨੀ ਗੋਗੀਆ, ਐਡਵੋਕੇਟ ਅਮਰਜੋਤ ਸੈਣੀ, ਧੀਰਜ ਸ਼ਰਮਾ, ਮੁਨੀਸ਼ ਸ਼ਰਮਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

ਸੇਵਾ ਦਾ ਗੁਣ ਸਾਨੂੰ ਵਿਰਸੇ 'ਚੋਂ ਮਿਲਿਆ : ਜੱਗੀ

ਟਾਂਡਾ ਉੜਮੁੜ (ਓਕਾਰ ਸਿੰਘ, ਜਸਵਿੰਦਰ ਸੰਧੂ)- ਦੇਸ਼- ਵਿਦੇਸ਼ ਵਿੱਚ ਜਦੋਂ ਵੀ ਕਿਤੇ ਕੋਈ ਵੱਡੀ ਆਫਤ ਆਈ ਹੈ ਤਾਂ ਪੰਜਾਬੀਆਂ ਨੇ ਸਭ ਤੋਂ ਅੱਗੇ ਵੱਧ ਕੇ ਮਦਦ ਕਰਨ ਲਈ ਪਹਿਲ ਕਦਮੀ ਕੀਤੀ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੱਥੇ ਹਰ ਪੀੜਤ ਪਰਵਾਰਾਂ ਲਈ ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤਾਂ ਦੇ ਨਾਲ ਨਾਲ ਦੋ ਟਰਾਲੀਆਂ ਹਰਾ ਚਾਰਾ ਲੈ ਕੇ ਦਰਿਆ ਬਿਆਸ ਕੰਢੇ ਬੈਠੇ ਪਰਵਾਰਾਂ ਕੋਲ ਪਹੁੰਚੇ ਆਮ ਆਦਮੀ ਪਾਰਟੀ ਦੇ ਸਿਟੀ ਪ੍ਰਧਾਨ ਜਗਜੀਵਨ ਜੱਗੀ ਨੇ ਪ੍ਰੈਸ ਨਾਲ ਕੀਤਾ।

ਉਨ੍ਹਾਂ ਕਿਹਾ ਕਿ ਸੇਵਾ ਦੀ ਭਾਵਨਾ ਗੁਰੂ ਸਾਹਿਬਾਨ ਨੇ ਸਾਨੂੰ ਵਿਰਸੇ ਵਿੱਚ ਦਿੱਤੀ ਹੈ। ਦਸਮੇਸ਼ ਨਗਰ ਨੌਜਵਾਨ ਸਭਾ ਦੇ ਵੱਡੀ ਗਿਣਤੀ ਵਿੱਚ ਪਹੁੰਚੇ ਨੌਜਵਾਨ ਜੋ ਪਸ਼ੂਆਂ ਲਈ ਦੋ ਟਰਾਲੀਆਂ ਹਰਾ ਚਾਰਾ ਲੈ ਕੇ ਆਏ ਸਨ ਨੇ ਇਹ ਸਮੱਗਰੀ ਹਰ ਪੀੜਤ ਪਰਵਾਰਾਂ ਨੂੰ ਵੰਡੀ। ਬੇਟ ਖੇਤਰ ਦੇ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਔਖੀ ਘੜੀ ਵਿੱਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਕਿਸਾਨ ਜਥੇਬੰਦੀਆਂ ਅਤੇ ਹੋਰ ਬਹੁਤ ਸਾਰੇ ਵਿਅਕਤੀਆਂ ਵਲੋਂ ਦਿਲ ਖੋਲ੍ਹ ਕੇ ਮਦਦ ਕੀਤੀ ਗਈ। ਇਸ ਮੌਕੇ ਸਮਾਜ ਸੇਵੀ ਅਵਤਾਰ ਸਿੰਘ ਤਾਰੀ, ਸੁਖਵਿੰਦਰ ਸਿੰਘ ਅਰੋੜਾ, ਜਗਜੀਤ ਸਿੰਘ ਜੀਤਾ, ਨੰਬਰਦਾਰ ਬਲਦੇਵ ਸੈਣੀ, ਨੌਜਵਾਨ ਸਭਾ ਦੇ ਅਜੇ ਸਿੰਘ ਜੱਗੀ, ਦਮਨਪ੍ਰੀਤ, ਹਰਮਨ ਮੱਟੂ, ਕੁਨਾਲ ਤੇਜੀ, ਕਮਲ ਮਹਿਕ, ਸੰਦੀਪ ਰੰਧਾਵਾ, ਪਰਨੀਤ, ਪਿੰਦਰ ਕੰਗ, ਅਰਪਣ ਔਜਲਾ ਤੇ ਹੋਰ ਨੌਜਵਾਨ ਹਾਜਰ ਸਨ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਨੇ ਆਕਸਫੋਰਡ ਇੰਟਰਨੈਸ਼ਨਲ ਨੂੰ ਫਾਈਨਲ 'ਚ ਹਰਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਜ਼ਿਲ੍ਹਾ ਪ੍ਰਸ਼ਾਸਨ, ਖੇਡ ਵਿਭਾਗ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਬਲਾਕ ਹੁਸ਼ਿਆਰਪੁਰ 2 ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਚੱਲ ਰਹੀਆਂ "ਖੇਡਾਂ ਵਤਨ ਪੰਜਾਬ ਦੀਆਂ 2023" ਦੇ ਦੂਜੇ ਦਿਨ ਫੁੱਟਬਾਲ ਅੰਡਰ 17 ਸਾਲ ਉਮਰ ਵਰਗ ਤੇ 21 ਸਾਲ ਉਮਰ ਵਰਗ ਦੇ ਫਾਈਨਲ ਮੁਕਾਬਲੇ ਕਰਵਾਏ ਗਏ। ਅੱਜ ਹੋਏ ਇਨ੍ਹਾਂ ਮੁਕਾਬਲਿਆਂ ਦੌਰਾਨ ਲੈਕਚਰਾਰ ਬੋਹਣ ਪ੍ਰਭਜੋਤ ਸਿੰਘ, ਲੈਕਚਰਾਰ ਬੋਹਣ ਮੁਨੀਸ਼ ਮੌਦਗਿਲ, ਲੈਕਚਰਾਰ ਮਹਿਲਾਂਵਾਲੀ ਨਰੇਸ਼ ਕੁਮਾਰ, ਡੀ.ਪੀ. ਈ. ਪੱਟੀ ਰੇਖਾ, ਡੀ ਪੀ ਈ ਜੈਮਸ ਕੈ

5-Sep-PAGE-9.qxd 9/4/2023 10:35 PM Page 1

ਸਰਕਲ ਸਟਾਈਲ ਮੁਕਾਬਲਿਆਂ 'ਚ ਸੀਨੀਅਰ ਸੈਕੰਡਰੀ ਸਕੂਲ ਸਮਰਾਏ, ਜੰਡਿਆਲਾ ਨੇ ਮਾਰੀ ਬਾਜ਼ੀ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)- ਸੂਬੇ ਵਿੱਚ ਸ਼ੁਰੂ ਹੋਈਆਂ 'ਖੇਡਾਂ ਵਤਨ ਪੰਜਾਬ ਦੀਆਂ-2023 (ਸੀਜ਼ਨ 2) ਤਹਿਤ ਜ਼ਿਲ੍ਹੇ ਵਿੱਚ ਕਰਵਾਏ ਜਾ ਰਹੇ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਸਰਕਲ ਸਟਾਈਲ ਬਲਾਕ ਰੁੜਕਾ ਕਲਾਂ ਦੇ ਕਬੱਡੀ ਸਰਕਲ ਸਟਾਈਲ ਮੁਕਾਬਲਿਆਂ ਵਿੱਚ ਅੰਡਰ-17 ਲੜਕੇ ਮੁਕਾਬਲੇ ਵਿੱਚ ਸੀਨੀਅਰ ਸੈਕੰਡਰੀ ਸਕੂਲ ਸਮਰਾਏ ਜੰਡਿਆਲਾ ਲੜਕੇ ਨੇ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਸੀਨੀਅਰ ਸੈਕੰਡਰੀ ਸਕੂਲ ਦਾਦੂਵਾਲ ਨੇ ਦੂਜਾ ਅਤੇ ਸੀਨੀਅਰ ਸੈਕੰਡਰੀ ਸਕੂਲ ਕਾਹਨਾ ਢੇਸੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ-21 ਲੜਕਿਆਂ ਦੇ ਮੁਕਾਬਲਿਆਂ ਵਿੱਚ ਸੀਨੀਅਰ ਸੈਕੰਡਰੀ ਸਕੂਲ ਬੰਡਾਲਾ ਨੇ ਪਹਿਲਾ, ਸੀਨੀਅਰ ਸੈਕੰਡਰੀ ਸਕੂਲ ਰੁੜਕਾਂ ਕਲਾਂ ਨੇ ਦੂਜਾ ਅਤੇ ਸੀਨੀਅਰ ਸੈਕੰਡਰੀ ਸਕੂਲ ਸਮਰਾਏ ਜੰਡਿਆਲਾ (ਲੜਕੇ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਵਾਲੀਬਾਲ ਅੰਡਰ-17 ਲੜਕਿਆਂ ਦੇ ਮੁਕਾਬਲਿਆਂ ਵਿੱਚ ਸ੍ਰੀ ਹਨੂੰਮੰਤ ਪਬਲਿਕ ਸਕੂਲ ਨੇ ਸੀਨੀਅਰ ਸੈਕੰਡਰੀ ਸਕੂਲ ਸਮਰਾਏ ਜੰਡਿਆਲਾ ਨੂੰ 2-0 ਨਾਲ ਹਰਾ ਕੇ ਜਿੱਤ ਹਾਸਲ ਕੀਤੀ । ਜਦਕਿ ਅੰਡਰ-21 ਲੜਕੀਆਂ ਦੇ ਮੁਕਾਬਲਿਆਂ ਵਿੱਚ ਸ੍ਰੀ ਹਨੂੰਮੰਤ ਪਬਲਿਕ ਸਕੂਲ ਗੁਰਾਇਆਂ ਨੇ ਸੀਨੀਅਰ ਸੈਕੰਡਰੀ ਸਕੂਲ ਸਮਰਾਏ ਜੰਡਿਆਲਾ ਨੂੰ 2-0 ਨਾਲ ਹਰਾਇਆ। ਜਲੰਧਰ ਪੱਛਮੀ ਬਲਾਕ ਦੇ ਰੱਸਾਕਸ਼ੀ ਅੰਡਰ 14 ਲੜਕਿਆਂ ਦੇ ਮੁਕਾਬਲਿਆਂ ਵਿੱਚ ਕੇ ਪੀ ਐਸ ਬਾਲ ਭਾਰਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੂਹਰ ਨੇ ਪਹਿਲਾ ਅਤੇ ਢਿੱਲਵਾਂ ਪਬਲਿਕ ਸਕੂਲ ਉੱਗੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅਥਲੈਟਿਕਸ ਅੰਡਰ 14 ਲੜਕੀਆਂ ਦੀ 60 ਮੀ ਦੌੜ 8.94 ਸੈਕਿੰਡ ਵਿੱਚ ਵੰਨਿਆ ਪਹਿਲੇ, ਜੋਨੀਆ 9.05 ਸੈਕਿੰਡ ਦੂਜੇ ਅਤੇ ਅਵਨੀਤ ਕੌਰ 9.45 ਸੈਕਿੰਡ ਵਿੱਚ ਦੌੜ ਪੂਰੀ ਕਰਕੇ ਤੀਜੇ ਸਥਾਨ 'ਤੇ ਰਹੀਆਂ । ਅੰਡਰ-14 ਲੜਕਿਆਂ ਦੀ 60 ਮੀ ਦੌੜ ਦਿਵਾਕਰ ਨੇ 8.25.02 ਸੈਕਿੰਡ ਪਹਿਲਾ ਸਥਾਨ ਹਾਸਲ ਕੀਤਾ। ਜਦਕਿ ਆਰਵ 8.27.30 ਅਤੇ ਰਿਹਾਨ 8 .32 .20 ਸੈਕਿੰਡ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ 600 ਮੀ ਅੰਡਰ 14 ਮੁਕਾਬਲਿਆਂ ਵਿੱਚ ਕਨਿਕਾ ਨੇ 2.35.33 ਸੈਕਿੰਡ, ਪ੍ਰਭਗੁਣ ਕੌਰ ਨੇ 2.41.05 ਸੈਕਿੰਡ ਅਤੇ ਨਵਨਿਧੀ ਨੇ 2.45.39 ਸੈਕਿੰਡ ਵਿੱਚ ਦੌੜ ਪੂਰੀ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਫਿਲੌਰ ਬਲਾਕ ਦੇ ਮੁਕਾਬਲਿਆਂ ਵਿੱਚ ਕਬੱਡੀ ਨੈਸ਼ਨਲ ਸਟਾਈਲ ਅੰਡਰ-17 ਲੜਕੇ ਵਿੱਚ ਡੀ ਏ ਵੀ ਫਿਲੌਰ ਨੇ ਪਹਿਲਾ, ਸੀਨੀਅਰ ਸੈਕੰਡਰੀ, ਸਕੂਲ ਚੱਕ ਦੇਸ ਰਾਜ ਨੇ ਦੂਜਾ ਅਤੇ ਪੰਜਾਬ ਅਕੈਡਮੀ ਬੜਾ ਪਿੰਡ ਨੇ ਤੀਜਾ ਸਥਾਨ ਹਾਸਲ ਕੀਤਾ। ਰੱਸਾਕਸ਼ੀ ਅੰਡਰ-17 ਲੜਕੀਆਂ ਦੇ ਮੁਕਾਬਲਿਆਂ ਵਿੱਚ ਸ੍ਰੀ ਦਸਮੇਸ਼ ਕਾਨਵੈਂਟ ਸਕੂਲ ਅੱਟੀ ਨੇ ਪਹਿਲਾ, ਦੋਸਾਂਝ ਕਲਾਂ ਨੇ ਦੂਜਾ ਅਤੇ ਸਰਵਹਿੱਤਕਾਰੀ ਸਕੂਲ ਛੋਕਰਾਂ ਨੇ ਤੀਜਾ ਸਥਾਨ ਹਾਸਲ ਕੀਤਾ। ਲੋਹੀਆਂ ਬਲਾਕ ਦੇ ਖੋਹ-ਖੋਹ ਲੜਕੀਆਂ ਅੰਡਰ-14 ਮੁਕਾਬਲਿਆਂ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਸੀਚੇਵਾਲ ਨੇ ਪਹਿਲਾ, ਸਰਕਾਰੀ ਹਾਈ ਸਕੂਲ ਨਵਾਂ ਪਿੰਡ ਖਾਲੇਵਾਲ ਨੇ ਦੂਜਾ ਅਤੇ ਜਲੰਧਰ ਪਬਲਿਕ ਸਕੂਲ ਲੋਹੀਆਂ ਖਾਸ ਨੇ ਤੀਜਾ ਸਥਾਨ ਹਾਸਲ ਕੀਤਾ। ਖੋ-ਖੋ ਲੜਕੀਆਂ ਅੰਡਰ-17 ਮੁਕਾਬਲਿਆਂ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਸੀਚੇਵਾਲ ਨੇ ਪਹਿਲਾ, ਫੁਲਵਾੜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲੋਹੀਆਂ ਖਾਸ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਿਹਾਲੂ ਵਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਖੋ ਖੋ ਲੜਕੀਆਂ ਅੰਡਰ-21 ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਸੀਚੇਵਾਲ ਨੇ ਪਹਿਲਾ, ਫੁਲਵਾੜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲੋਹੀਆਂ ਖਾਸ ਨੇ ਦੂਜਾ ਅਤੇ ਜਲੰਧਰ ਪਬਲਿਕ ਸਕੂਲ ਲੋਹੀਆਂ ਖਾਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬਲਾਕ ਭੋਗਪੁਰ ਦੇ ਖੇਡ ਮੁਕਾਬਲਿਆਂ ਵਿੱਚ ਐਸ ਐਚ ਓ ਭੋਗਪੁਰ ਹਰਬੰਸ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਖਿਡਾਰੀਆਂ ਨੂੰ ਖੇਡਾਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਅਤੇ ਨਸ਼ਿ?ਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ।

ਪਿੰਡਾਂ 'ਚ ਨਸ਼ਿਆਂ ਨੂੰ ਰੋਕਣ ਲਈ ਮੀਟਿੰਗਾਂ ਸ਼ੁਰੂ

ਭਲਾਣ (ਹਰਭਜਨ ਢਿੱਲੋਂ) ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਪਿੰਡਾਂ ਦਿਆਂ ਸਰਪੰਚਾਂ ਅਤੇ ਮੋਹਤਵਾਰ ਲੋਕਾਂ ਵਿਚਕਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਪਿੰਡ ਛੋਟੇਵਾਲ ਵਿਖੇ ਨਸ਼ਾ ਭਜਾਓ, ਜਵਾਨੀ ਬਚਾਓ, ਤਹਿਤ ਪਿੰਡ ਵਿੱਚ ਕੈਂਪ ਲਗਾਇਆ ਗਿਆ। ਇਸ ਮੌਕੇ ਚੌਕੀ ਇੰਚਾਰਜ ਸਬ ਇੰਸਪੈਕਟਰ ਇੰਦਰਜੀਤ ਸਿੰਘ ਨਵਾਂ ਨੰਗਲ ਅਤੇ ਏ ਐਸ ਆਈ ਸੁਰਜੀਤ ਸਿੰਘ ਪਹੁੰਚੇ। ਉਨ੍ਹਾਂ ਪਿੰਡ ਵਿੱਚ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਅੱਜ ਆਪਣੀ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਬਚਾਉਣ ਦੀ ਸਖਤ ਲੋੜ ਹੈ। ਬਹੁਤ ਸਾਰੇ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਗਏ ਹਨ।

ਜਵਾਨੀ ਨੂੰ ਬਚਾਉਣ ਲਈ ਸਾਨੂੰ ਲੋਕਾਂ ਦੇ ਸਹਿਯੋਗ ਦੀ ਜ਼ਰੂਰਤ ਹੈ। ਜਿਸ ਨਾਲ ਅਸੀਂ ਇਹਨਾਂ ਨੂੰ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਵਿੱਚ ਕਾਮਯਾਬ ਹੋ ਸਕਦੇ ਹਾਂ। ਇਸ ਮੌਕੇ ਸਰਪੰਚ ਹਰਪਾਲ ਕੌਰ, ਪੰਚ ਬਲਦੇਵ ਸਿੰਘ, ਸੁਰਿੰਦਰ ਕੌਰ, ਪੰਚ ਹਰਭਜਨ ਸਿੰਘ, ਪ੍ਰਦੀਪ ਕੁਮਾਰ, ਨੰਬਰਦਾਰ ਰਾਮ ਕ੍ਰਿਸਨ, ਸੁਮਨ ਕੁਮਾਰੀ, ਸੁਮਨ ਦੇਵੀ, ਸਾਬਕਾ ਸੂਬੇਦਾਰ ਕ੍ਰਿਸਨ ਸਿੰਘ, ਸਾਬਕਾ ਫੌਜੀ ਸੰਜੀਵ ਸਿੰਘ,ਰਮਨ ਲਾਲ, ਰਾਮ ਸਰੂਪ, ਪ੍ਰੇਮ ਚੰਦ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਮੌਜੂਦ ਸਨ।

ਤਰਕਸ਼ੀਲ ਸੁਸਾਇਟੀ ਪੰਜਾਬ ਦੀ 5ਵੀਂ ਚੇਤਨਾ ਪਰਖ ਪ੍ਰੀਖਿਆ ਸੰਪੰਨ

ਸੁਲਤਾਨਪੁਰ ਲੋਧੀ, (ਹਨੀ)- ਜੀਵ ਵਿਕਾਸ ਸਿਧਾਂਤ ਦੇ ਪਿਤਾਮਾ ਮਹਾਨ ਵਿਗਿਆਨੀ ਚਾਰਲਿਸ ਡਾਰਵਿਨ ਨੂੰ ਸਮਰਪਤ 5ਵੀਂ ਚੇਤਨਾ ਪਰਖ ਪ੍ਰੀਖਿਆ ਸਫਲਤਾਪੂਰਵਕ ਸੰਪੰਨ ਹੋ ਗਈ। ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆ ਜ਼ੋਨ ਜਲੰਧਰ ਦੇ ਮੁਖੀ ਸੁਰਜੀਤ ਸਿੰਘ ਟਿੱਬਾ ਨੇ ਦੱਸਿਆ ਕਿ ਇਸ ਵਾਰ ਦੀ ਪ੍ਰੀਖਿਆ ਮਹਾਨ ਵਿਗਿਆਨੀ ਚਾਰਲਿਸ ਡਾਰਵਿਨ ਨੂੰ ਸਮਰਪਤ ਕੀਤੀ ਗਈ ਹੈ ਕਿਉਂਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਐਨ.ਸੀ.ਆਰ.ਟੀ 10ਵੀਂ ਜਮਾਤ ਦੀ ਸਾਇੰਸ ਦੀ ਕਿਤਾਬ ਵਿੱਚੋਂ ਜੀਵ ਵਿਗਿਆਨ ਦੇ ਇਸ ਮਹਾਨ ਵਿਗਿਆਨੀ ਦਾ ਲੇਖ ਬਾਹਰ ਕੱਢ ਦਿੱਤਾ ਗਿਆ ਤਾਂ ਕਿ ਆਉਣ ਵਾਲੀਆਂ ਨਸਲਾਂ ਨੂੰ ਅੰਧਵਿਸ਼ਵਾਸ ਵਾਲੇ ਅੰਨ੍ਹੇ ਖੂਹ ਵਿਚ ਧੱਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਵਾਰ ਇਹ ਪ੍ਰੀਖਿਆ ਪੰਜਾਬ ਭਰ ਵਿਚ ਬੜੇ ਉਤਸ਼ਾਹ ਨਾਲ ਹੋਈ ਤੇ ਹਜ਼ਾਰਾਂ ਬੱਚਿਆਂ ਨੇ ਇਸ ਪ੍ਰੀਖਿਆ ਲਈ ਰਜਿਸਟ੍ਰੇਸ਼ਨ ਕਰਾਈ ਸੀ। ਚੇਤਨਾ ਪ੍ਰੀਖਿਆ ਦਾ ਨਤੀਜਾ ਜਲਦ ਹੀ ਵੈਬਸਾਈਟ 'ਤੇ ਪਾ ਦਿੱਤਾ ਜਾਵੇਗਾ। ਉਪਰੰਤ ਵੱਧ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਜਾਣਗੇ। ਮਾ. ਜਸਬੀਰ ਸਿੰਘ ਮੁਖੀ ਇਕਾਈ ਟਿੱਬਾ ਨੇ ਦੱਸਿਆ ਕਿ ਇਸ ਵਾਰ ਇਕਾਈ ਪੱਧਰ 'ਤੇ ਛੇ ਸੈਂਟਰ ਬਣਾਏ ਗਏ ਸਨ ਜਿਨ੍ਹਾਂ ਵਿੱਚ 300 ਦੇ ਲਗਭਗ ਬੱਚਿਆਂ ਨੇ ਪ੍ਰੀਖਿਆ ਵਿੱਚ ਭਾਗ ਲਿਆ। ਇਸ ਰਾਹੀਂ ਸਾਡੀ ਕੋਸ਼ਿਸ਼ ਇਹੀ ਹੈ ਕਿ ਬੱਚੇ ਵਹਿਮਾਂ-ਭਰਮਾਂ ਤੋਂ ਦੂਰ ਹੋ ਕੇ ਸਮਝ ਨੂੰ ਵਿਗਿਆਨਕ ਤਰੀਕੇ ਨਾਲ ਸਮਝਣ, ਅਜ਼ਾਦੀ ਦੇ ਅਸਲੀ ਨਾਇਕਾਂ ਗਦਰੀ ਬਾਬੇ ਭਗਤ ਸਰਾਭਿਆਂ ਤੋਂ ਜਾਣੂ ਹੋ ਸਕਣ। ਉਨ੍ਹਾਂ ਕਿਹਾ ਕਿ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਪ੍ਰੀਖਿਆ ਵਿੱਚ ਭਾਗ ਲਿਆ ਤੇ ਅਸੀਂ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਕੂਲ ਮੁਖੀਆਂ ਅਤੇ ਸੰਬੰਧਤ ਅਧਿਆਪਕਾਂ ਦਾ ਧੰਨਵਾਦ ਕਰਦੇ ਹਾਂ ਤੇ ਅੱਗੇ ਤੋਂ ਵੀ ਆਸ ਕਰਦੇ ਹਾਂ ਕਿ ਉਹ ਤਰਕਸ਼ੀਲ ਸੁਸਾਇਟੀ ਨੂੰ ਇਸੇ ਤਰਾ ਸਹਿਯੋਗ ਦਿੰਦੇ ਰਹਿਣਗੇ। ਇਸ ਮੌਕੇ ਮਾ.ਰਾਮ ਸਿੰਘ, ਬਿਕਰਮਜੀਤ ਸਿੰਘ, ਅਮਰਜੀਤ ਸਿੰਘ, ਬਨਵਾਰੀ ਲਾਲ, ਸੁਖਜਿੰਦਰ ਸਿੰਘ ਸ਼ੈਰੀ ਹਾਜ਼ਰ ਸਨ।

ਨਸ਼ੀਲੇ ਪਦਾਰਥ ਸਮੇਤ ਗ੍ਰਿਫ਼ਤਾਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਇੰਸਪੈਕਟਰ ਉਂਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਸਰਤਾਜ ਸਿੰਘ ਚਾਹਲ ਨੇ ਜ਼ਿਲ੍ਹੇ ਅੰਦਰ ਮਾੜੇ ਅਨਸਰਾਂ ਉਪਰ ਕਾਬੂ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਹੋਈ ਹੈ ਜਿਸ ਤਹਿਤ ਸਰਬਜੀਤ ਸਿੰਘ ਬਾਹੀਆ ਐਸ ਪੀ ਇਨਵੈਸਟੀਕੇਸ਼ਨ ਹੁਸ਼ਿਆਰਪੁਰ, ਕੁਲਵੰਤ ਸਿੰਘ ਡੀ.ਐਸ.ਪੀ ਸਬ ਡਵੀਜ਼ਨ ਟਾਂਡਾ ਦੀ ਅਗਵਾਈ ਵਿਚ ਥਾਣਾ ਟਾਂਡਾ ਅਧੀਨ ਆਉਂਦੇ ਏਰੀਏ ਵਿੱਚ ਨਸ਼ਾ ਸਪਲਾਈ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾ ਦੱਸਿਆ ਕਿ ਐਸ.ਆਈ ਗੁਰਵਿੰਦਰ ਸਿੰਘ ਥਾਣਾ ਟਾਂਡਾ ਸਮੇਤ ਪੁਲਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਜਾਜਾ ਰੋਡ ਟਾਂਡਾ ਤੋਂ ਇੱਕ ਦੋਸ਼ੀ ਨੂੰ ਕਾਬੂ ਕਰਕੇ ਉਸ ਪਾਸੋਂ ਭਾਰੀ ਮਾਤਰਾ ਵਿਚ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ ਜਿਸ 'ਤੇ ਤੁਰੰਤ ਮੁਕੱਦਮਾ ਦਰਜ ਕਰਕੇ ਲੋੜੀਂਦੀ ਕਾਰਵਾਈ ਅਮਲ ਵਿਚ ਲਿਆਂਦੀ । ਉਨ੍ਹਾ ਦੱਸਿਆ ਕਿ ਦੋਸ਼ੀ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇਗੀ ।

ਵਿਦਿਆਰਥੀਆਂ ਦਾ ਵਿੱਦਿਅਕ ਟੂਰ ਲਗਾਇਆ

ਕਾਲਾ ਸੰਘਿਆਂ (ਮਨਜੀਤ ਮਾਨ)- ਬਾਬਾ ਗੁਰਮੇਜ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਸੈਦਰਾਣਾ ਸਾਹਿਬ ਪਾਤਸ਼ਾਹੀ ਸੱਤਵੀਂ ਪਿੰਡ ਬਿੱਲੀ ਬੜੈਚ ਅਤੇ ਅਕੈਡਮੀ ਚੇਅਰਮੈਨ ਨਿਰਮਲ ਸਿੰਘ ਨੰਬਰਦਾਰ ਕਾਹਲਵਾਂ ਦੀ ਨਿਗਰਾਨੀ ਹੇਠ ਚੱਲ ਰਹੀ ਸੰਸਥਾ ਗੁਰੂ ਹਰਿ ਰਾਇ ਸਾਹਿਬ ਅਕੈਡਮੀ ਪਿੰਡ ਕਾਹਲਵਾਂ ਦੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਪਰਮਿੰਦਰ ਕੌਰ ਅਤੇ ਸਮੂਹ ਸਟਾਫ ਦੀ ਦੇਖ ਰੇਖ ਹੇਠ ਮਸਤਾਨੇ ਫਿਲਮ ਦੇਖਣ ਜਲੰਧਰ ਲਿਜਾਇਆ ਗਿਆ। ਵਿਦਿਆਰਥੀਆਂ ਵੱਲੋਂ ਫਿਲਮ ਦੇਖਣ ਦੇ ਨਾਲ-ਨਾਲ ਮਾਲ ਵਿੱਚ ਕਈ ਤਰ੍ਹਾਂ ਦੀਆਂ ਫਨ ਗੇਮਸ ਖੇਡੀਆਂ ਗਈਆਂ। ਇਸ ਮੌਕੇ ਮੈਡਮ ਪਰਮਿੰਦਰ ਕੌਰ ਨੇ ਫਿਲਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਾਡੇ ਸਿੱਖ ਇਤਿਹਾਸ ਅਤੇ ਕੌਮ ਦੇ ਸੂਰਮਿਆਂ ਅਤੇ ਯੋਧਿਆਂ ਦੇ ਜੀਵਨ ਨਾਲ ਸੰਬੰਧਤ ਇਸ ਤਰ੍ਹਾਂ ਦੀਆਂ ਇਤਿਹਾਸਕ ਫਿਲਮਾਂ ਆਉਣੀਆਂ ਚਾਹੀਦੀਆਂ ਹਨ ਤਾਂ ਜੋ ਸਾਡੀ ਅਜੋਕੀ ਪੀੜ੍ਹੀ ਜੋ ਆਪਣੇ ਅਮੀਰ ਅਤੇ ਸੱਭਿਆਚਾਰਕ ਵਿਰਸੇ ਦੇ ਨਾਲ ਨਾਲ ਸਾਡੀ ਅਣਖੀ ਕੌਮ ਦੇ ਯੋਧਿਆਂ ਦੀਆਂ ਕੁਰਬਾਨੀਆਂ ਬਾਰੇ ਪਤਾ ਲੱਗ ਸਕੇ। ਇਸ ਮੌਕੇ ਅਕੈਡਮੀ ਚੇਅਰਮੈਨ ਨਿਰਮਲ ਸਿੰਘ, ਪ੍ਰਧਾਨ ਬਾਬਾ ਗੁਰਮੇਜ ਸਿੰਘ, ਅਕੈਡਮੀ ਦੇ ਜਨਰਲ ਸੈਕਟਰੀ ਕੁਲਬੀਰ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਦੇ ਨਾਲ ਮੈਡਮ ਰਜਨੀ, ਮੈਡਮ ਰਜਿੰਦਰ ਕੌਰ ਅਤੇ ਮੈਡਮ ਈਸ਼ਾ ਦੁਆਰਾ ਵਿਦਿਆਰਥੀਆਂ ਨੂੰ ਇਸ ਟ੍ਰਿਪ 'ਤੇ ਅਨੁਸ਼ਾਸਨ ਪੂਰਵਕ ਲਿਜਾਇਆ ਗਿਆ।

ਕੌਂਸਲਰ ਨੇਹਾ ਪੰਮਾ ਨੇ ਵਾਰਡ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

ਫਿਲੌਰ (ਬੀ ਐਸ ਕੈਨੈਡੀ)-ਵਾਰਡ ਨੰ. 3 ਦੀ ਕੌਂਸਲਰ ਬੀਬੀ ਨੇਹਾ ਪੰਮਾ ਨੇ ਵਾਰਡ ਦੇ ਲੋਕਾਂ ਨਾਲ ਮੀਟਿੰਗ ਕਰਕੇ ਵਾਰਡ ਦੀਆ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਤੇ ਵਾਰਡ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਲੋਕਾਂ ਨੂੰ ਵਾਰਡ 'ਚ ਕੋਈ ਮੁਸ਼ਕਲ ਨਹੀਂ ਆਵੇਗੀ। ਵਾਰਡ 'ਚ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇਗਾ। ਉਨ੍ਹਾ ਵਾਰਡ ਦੇ ਲੋਕਾਂ ਨੂੰ ਕਿਹਾ ਕਿ ਜਿਸ ਕਿਸੇ ਨੂੰ ਵਾਰਡ ਸੰਬੰਧੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਮੈਨੂੰ ਖੁਦ ਮਿਲ ਸਕਦਾ ਹੈ। ਇਸ ਮੌਕੇ ਉਨ੍ਹਾ ਦੇ ਨਾਲ ਉਨ੍ਹਾ ਦੇ ਪਤੀ ਅੰਮਿਤ ਪੰਮਾ ਸੋਨੂੰ ਹਾਜ਼ਰ ਸਨ।

ਪਲਾਕਸ਼ਾਂ 'ਵਰਸਿਟੀ 'ਚ ਖੂਨਦਾਨ ਕੈਂਪ ਲਾਇਆ

ਮੋਹਾਲੀ (ਗੁਰਜੀਤ ਬਿੱਲਾ)-ਪਲਾਕਸ਼ਾਂ ਯੂਨੀਵਰਸਿਟੀ ਅਤੇ ਵਿਸ਼ਵਾਸ ਫਾਊਂਡੇਸ਼ਨ ਵੱਲੋਂ ਸਾਂਝੇ ਤੌਰ 'ਤੇ ਯੂਨੀਵਰਸਿਟੀ ਹਾਲ 'ਚ ਖੂਨਦਾਨ ਕੈਂਪ ਲਾਇਆ ਗਿਆ। ਕੈਂਪ 'ਚ ਇੰਡੀਅਨ ਰੈੱਡ ਕਰਾਸ ਸੁਸਾਇਟੀ ਜ਼ਿਲ੍ਹਾ ਸ਼ਾਖਾ ਮੋਹਾਲੀ ਨੇ ਅਹਿਮ ਭੂਮਿਕਾ ਨਿਭਾਈ। ਇਹ ਕੈਂਪ ਦੁਪਹਿਰ 3 ਵਜੇ ਸ਼ੁਰੂ ਹੋ ਕੇ ਸ਼ਾਮ 6 ਵਜੇ ਤੱਕ ਚੱਲਿਆ। ਖੂਨ ਲੈਣ ਤੋਂ ਪਹਿਲਾਂ ਡਾਕਟਰਾਂ ਦੀ ਟੀਮ ਨੇ ਖੂਨਦਾਨੀਆਂ ਦਾ ਚੈਕਅਪ ਕੀਤਾ ਤਾਂ ਡਾਕਟਰਾਂ ਨੇ ਦੱਸਿਆ ਕਿ ਖੂਨਦਾਨ ਕਰਨ ਵਿੱਚ ਕੋਈ ਦਿੱਕਤ ਨਹੀਂ ਹੈ। ਇਸ ਦੀ ਬਜਾਏ ਖੂਨਦਾਨ ਕਰਨ ਨਾਲ ਵਿਅਕਤੀ ਨੂੰ ਮਾਣ ਮਹਿਸੂਸ ਹੁੰਦਾ ਹੈ। ਵਿਸ਼ਵਾਸ ਫਾਊਂਡੇਸ਼ਨ ਦੀ

5-SEP-PAGE-10.qxd 9/4/2023 10:23 PM Page 1

ਮਿੱਡ-ਡੇ-ਮੀਲ ਵਰਕਰਾਂ ਨੂੰ ਘੱਟੋ-ਘੱਟ ਉਜਰਤਾਂ ਦੇ ਦਾਇਰੇ 'ਚ ਸ਼ਾਮਲ ਕਰੇ ਸਰਕਾਰ : ਐਡਵੋਕੇਟ ਉੱਡਤ

■ ਮਿੱਡ-ਡੇ ਮੀਲ ਵਰਕਰ ਯੂਨੀਅਨ (ਏਟਕ) ਦੀ ਤਹਿਸੀਲ ਪੱਧਰੀ ਕਾਨਫਰੰਸ ਸਫਲਤਾ ਪੂਰਵਕ ਸੰਪੰਨ

ਮਾਨਸਾ (ਆਤਮਾ ਸਿੰਘ ਪਮਾਰ)-ਪਿੰਡ ਫੱਤਾ ਮਾਲੋਕਾ ਵਿਖੇ ਮਿੱਡ-ਡੇ ਮੀਲ ਵਰਕਰ ਯੂਨੀਅਨ (ਏਟਕ) ਦੀ ਤਹਿਸੀਲ ਜਥੇਬੰਦਕ ਕਾਨਫਰੰਸ ਤਿੰਨ ਮੈਂਬਰੀ ਪ੍ਰਧਾਨਗੀ ਮੰਡਲ ਕ੍ਰਮਵਾਰ ਰਾਜ ਕੌਰ ਝੰਡੂਕੇ, ਮਨਜੀਤ ਕੌਰ ਹੀਰਕੇ ਤੇ ਸੁਰਜੀਤ ਕੌਰ ਲਾਲਿਆਂਵਾਲੀ ਦੀ ਪ੍ਰਧਾਨਗੀ ਹੇਠ ਸਫਲਤਾ ਪੂਰਵਕ ਸੰਪੰਨ ਹੋਈ। ਕਾਨਫਰੰਸ ਦੇ ਸ਼ੁਰੂਆਤ ਵਿੱਚ ਵਿੱਛੜੇ ਸਾਥੀਆਂ ਦੀ ਯਾਦ ਵਿੱਚ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਕਾਨਫਰੰਸ ਦਾ ਉਦਘਾਟਨ ਕਰਦਿਆਂ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਮਿੱਡ-ਡੇ ਮੀਲ ਵਰਕਰਾਂ ਦਾ ਸਮੇਂ ਦੇ ਹਾਕਮ ਸਭ ਤੋਂ ਵੱਧ ਸ਼ੋਸ਼ਣ ਕਰ ਰਹੇ ਹਨ, ਮਾਤਰ ਤਿੰਨ ਹਜ਼ਾਰ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ। ਐਡਵੋਕੇਟ ਉੱਡਤ ਨੇ ਕਿਹਾ ਕਿ ਪੰਜਾਬ ਸਰਕਾਰ ਫੌਰੀ ਤੌਰ 'ਤੇ ਮਿੱਡ-ਡੇ ਮੀਲ ਵਰਕਰਾਂ ਨੂੰ ਘੱਟੋ-ਘੱਟ ਉਜ਼ਰਤਾਂ ਦੇ ਦਾਇਰੇ ਵਿੱਚ ਸ਼ਾਮਲ ਕਰੇ, ਤਾਂ ਜੋ ਵਰਕਰਾਂ ਨੂੰ ਮਿਨੀਅਮ ਵੇਜ ਮਿਲ ਸਕੇ। ਇਸ ਮੌਕੇ ਭਰਾਤਰੀ ਸੰਦੇਸ਼ ਦਿੰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸਾਥੀ ਗੁਰਪਿਆਰ ਸਿੰਘ ਫੱਤਾ ਨੇ ਮਿੱਡ-ਡੇ ਮੀਲ ਵਰਕਰਾਂ ਦੇ ਹੱਕੀ ਸੰਘਰਸ਼ ਵਿੱਚ ਸਭਾ ਵੱਲੋਂ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਸਰਬਸੰਮਤੀ ਨਾਲ 11 ਮੈਂਬਰੀ ਤਹਿਸੀਲ ਕਮੇਟੀ ਚੁਣੀ ਗਈ, ਜਿਸ ਵਿੱਚ ਰਾਜ ਕੌਰ ਝੰਡੂਕੇ ਨੂੰ ਪ੍ਰਧਾਨ, ਮਨਦੀਪ ਕੌਰ ਜਟਾਣਾਂ ਸਕੱਤਰ, ਗੁਰਮੀਤ ਕੌਰ ਝੰਡੂਕੇ, ਬਲਜੀਤ ਕੌਰ ਮੀਤ ਪ੍ਰਧਾਨ, ਸੁਖਵਿੰਦਰ ਕੌਰ ਫੱਤਾ, ਮਨਜੀਤ ਕੌਰ ਹੀਰਕੇ ਸਹਾਇਕ ਸਕੱਤਰ, ਤੇਜ ਕੌਰ ਫੱਤਾ, ਸੁਰਜੀਤ ਕੌਰ ਲਾਲਿਆਂਵਾਲੀ, ਸਰਬਜੀਤ ਕੌਰ, ਅਮਰਜੀਤ ਕੌਰ ਘੱਦੂਵਾਲਾ ਤੇ ਅਮਰਨਾਥ ਸਿੰਘ ਆਦਿ ਵਰਕਿੰਗ ਕਮੇਟੀ ਮੈਂਬਰ ਚੁਣੇ ਗਏ। ਕਾਨਫਰੰਸ ਦੀ ਸਮਾਪਤੀ ਸਮੇਂ ਤਹਿਸੀਲ ਪ੍ਰਧਾਨ ਰਾਜ ਕੌਰ ਝੰਡੂਕੇ ਨੇ ਸਾਰੇ ਵਰਕਰਾਂ ਦਾ ਧੰਨਵਾਦ ਕੀਤਾ।

ਪੰਜਾਬ ਸਟੇਟ ਆਯੁਰਵੈਦਿਕ ਸੇਵਾ ਸੰਘ ਵੱਲੋਂ ਨਸ਼ਿਆਂ ਵਿਰੁੱਧ ਸੈਮੀਨਾਰ

ਦਿੜ੍ਹਬਾ (ਜਸਵੀਰ ਲਾਡੀ)-ਇੱਥੋਂ ਥੋੜ੍ਹੀ ਦੂਰ ਪਿੰਡ ਛਾਜਲੀ ਵਿਖੇ ਪੰਜਾਬ ਸਟੇਟ ਆਯੁਰਵੈਦਿਕ ਸੇਵਾ ਸੰਘ ਨੇ ਇੱਕ ਸੈਮੀਨਾਰ ਸਿੰਗਲਾ ਰੈਸਟੋਰੈਂਟ ਵਿਖੇ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਪੰਜਾਬ ਪੱਧਰੀ ਆਰ.ਐੱਮ.ਪੀ. ਡਾਕਟਰ ਸਾਹਿਬਾਨ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸੰਘ ਦੇ ਪ੍ਰਧਾਨ ਡਾਕਟਰ ਪਿਆਰਾ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਯੂਨੀਅਨ ਦਾ ਕੋਈ ਵੀ ਮੈਂਬਰ ਨਸ਼ਾ ਨਹੀਂ ਵੇਚੇਗਾ ਤੇ ਨਾ ਹੀ ਨਸ਼ੇ ਵੇਚਣ ਵਾਲੇ ਦੀ ਜਮਾਨਤ ਦੇਵੇਗਾ। ਉਨ੍ਹਾ ਪੰਜਾਬ ਸਰਕਾਰ ਅੱਗੇ ਬੇਨਤੀ ਕੀਤੀ ਕਿ ਜੀਭ ਥੱਲੇ ਰੱਖਣ ਵਾਲੀਆਂ ਗੋਲੀਆਂ ਬੰਦ ਕੀਤੀਆਂ ਜਾਣ। ਇਸ ਤੋਂ ਇਲਾਵਾ ਨਸ਼ਿਆਂ ਦੀ ਸ਼ੁਰੂਆਤ ਜੜ੍ਹ ਕਰਿਆਣਾ ਦੁਕਾਨਾਂ ਹਨ, ਜਿਨ੍ਹਾਂ 'ਤੇ ਨਸ਼ੀਲੇ ਪਦਾਰਥ ਦੀ ਵਿੱਕਰੀ ਹੁੰਦੀ ਹੈ। ਇਸ ਸੈਮੀਨਾਰ ਨੂੰ ਸਫਲ ਬਣਾਉਣ ਲਈ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ, ਪੰਜਾਬ ਪੁਲਸ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਏ.ਐੱਸ.ਆਈ. ਨਰਿੰਦਰ ਸਿੰਘ, ਏ.ਐੱਸ.ਆਈ. ਗੁਰਦੀਪ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸੀਨੀਅਰ ਪੱਤਰਕਾਰ ਗੁਰਜੀਤ ਸਿੰਘ ਚਹਿਲ ਨੇ ਨਸ਼ਿਆਂ ਖਿਲਾਫ ਮੁਹਿੰਮ ਸੰਬੰਧੀ ਪੰਜਾਬ ਪੁਲਸ ਵੱਲੋਂ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ ਤੇ ਧੰਨਵਾਦ ਕੀਤਾ। ਇਸ ਮੌਕੇ ਡਾਕਟਰ ਐੱਮ ਐੱਸ ਸਰਜਨ ਡਾਕਟਰ ਰਾਜੀਵ ਜਿੰਦਲ ਵਿਨਾਇਕ ਹਸਪਤਾਲ, ਮੈਨੇਜਰ ਸੋਮਨਾਥ ਸ਼ਰਮਾ, ਡਾਕਟਰ ਗੁਰਵਿੰਦਰ ਸਾਂਗਾਂ ਲੈਬ: ਨੇ ਵੀ ਹਾਜ਼ਰੀ ਲਗਵਾਈ। ਇਸ ਮੌਕੇ ਨਸ਼ਿਆਂ ਖਿਲਾਫ ਡਾਕਟਰ ਭੀਮ ਸੈਨ ਕਾਂਸਲ ਨੇ ਫਰੀ ਵਿੱਚ ਨਸ਼ੇ ਛੁਡਾਉਣ ਦਾ ਬੀੜਾ ਚੁੱਕਿਆ। ਇਸ ਮੌਕੇ ਪ੍ਰਧਾਨ ਡਾਕਟਰ ਪਿਆਰਾ ਸਿੰਘ, ਡਾ. ਸਾਈਂ ਦਾਸ, ਡਾ. ਜਗਦੇਵ ਸਿੰਘ ਛਾਜਲੀ, ਡਾ. ਮੱਖਣ ਸਿੰਘ ਆਦਿ ਨੇ ਸਹਿਯੋਗੀ ਸੱਜਣਾਂ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਟੇਜ ਦੀ ਜ਼ਿੰਮੇਵਾਰੀ ਜਨਰਲ ਸਕੱਤਰ ਡਾਕਟਰ ਮੰਗਤ ਰਾਏ ਨੇ ਸੁਚੱਜੇ ਢੰਗ ਨਾਲ ਨਿਭਾਈ।

ਸ਼ਹਿਰ 'ਚ ਚੋਰੀ ਦੀਆਂ ਵਾਰਦਾਤਾਂ ਦਾ ਸਿਲਸਿਲਾ ਜਾਰੀ, ਪੁਲਸ ਖਾਮੋਸ਼

ਦਿਨ-ਦਿਹਾੜੇ ਘਰ 'ਚੋਂ ਨਕਦੀ ਤੇ ਗਹਿਣੇ ਚੋਰੀ

ਪ੍ਰਭਾਵਿਤ ਪਰਵਾਰ ਜਾਣਕਾਰੀ ਦਿੰਦਾ।

ਜਲਾਲਾਬਾਦ (ਜੀਤ ਕੁਮਾਰ)-ਜਿੱਥੇ ਇੱਕ ਪਾਸੇ ਪੁਲਸ ਵੱਲੋਂ ਲੋਕਾਂ ਦੀ ਸੁਰੱਖਿਆ ਲਈ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਚੋਰੀਆਂ ਹੋਣ ਦਾ ਸਿਲਸਿਲਾ ਜਾਰੀ ਹੈ ਅਤੇ ਚੋਰਾਂ ਦੇ ਹੌਸਲੇ ਇਨੇ ਕੁ ਬੁਲੰਦ ਹੋ ਚੁੱਕੇ ਹਨ ਕਿ ਦਿਨ ਵੇਲੇ ਹੀ ਚੋਰੀਆਂ ਕਰਨ ਨੂੰ ਅੰਜਾਮ ਦੇ ਰਹੇ ਹਨ। ਇਸੇ ਤਰ੍ਹਾਂ ਸਥਾਨਕ ਸ਼ਹਿਰ ਦੀ ਭਾਈ ਸੰਤ ਸਿੰਘ ਗਲੀ ਵਿੱਚ ਮਦਨ ਗੋਪਾਲ ਦੇ ਘਰ 'ਚ ਚੋਰਾਂ ਵੱਲੋਂ ਦਿਨ-ਦਿਹਾੜੇ ਚੋਰੀ ਨੂੰ ਅੰਜਾਮ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਚੋਰੀ ਉਦੋਂ ਹੋਈ ਜਦੋਂ ਘਰ ਦਾ ਮਾਲਕ ਦੁਕਾਨ ਤੇ ਸੀ ਤੇ ਬੱਚੇ ਟਿਊਸ਼ਨ ਪੜ੍ਹਨ ਗਏ ਹੋਏ ਸਨ।

ਘਰ ਦੇ ਮਾਲਕ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਘਰ ਆਉਣ 'ਤੇ ਪਤਾ ਲੱਗਿਆ ਕਿ 4 ਲੱਖ ਦੇ ਕਰੀਬ ਨਕਦੀ ਤੇ ਗਹਿਣੇ ਚੋਰੀ ਹੋ ਚੁੱਕੇ ਸਨ।

ਉਨ੍ਹਾ ਕਿਹਾ ਕਿ ਇਸ ਚੋਰੀ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਸੀ, ਪਰ ਪੁਲਸ ਵੱਲੋਂ ਖਾਨਾ ਪੂਰਤੀ ਹੀ ਕੀਤੀ ਗਈ ਹੈ ਤੇ ਇਹ ਕਹਿ ਦਿੱਤਾ ਗਿਆ ਕਿ ਤੁਸੀਂ ਆਪ ਚੋਰਾਂ ਬਾਰੇ ਛਾਣ-ਬੀਣ ਕਰਕੇ ਸਾਨੂੰ ਦੱਸਣਾ ਤੇ ਇਸ ਦੇ ਬਾਅਦ ਹੀ ਪੁਲਸ ਇਸ ਮਾਮਲੇ ਦੀ ਪੈਰਵਾਈ ਕਰਨਗੇ, ਪਰ ਸਾਰਾ ਦਿਨ ਉਡੀਕ ਕਰਨ ਤੋਂ ਬਾਅਦ ਕੋਈ ਵੀ ਮੁਲਾਜ਼ਮ ਉਨ੍ਹਾਂ ਦੇ ਘਰ ਨਹੀਂ ਪਹੁੰਚਿਆ, ਜਿਸ ਕਾਰਨ ਉਨ੍ਹਾਂ ਦੇ ਮਨ ਅੰਦਰ ਡਰ ਦਾ ਮਾਹੌਲ ਬਣਿਆ ਹੈ ਕਿ ਚੋਰ ਦੁਬਾਰਾ ਆ ਕੇ ਹੋਰ ਨੁਕਸਾਨ ਨਾ ਕਰਨ, ਪਰਿਵਾਰ ਨੇ ਪੁਲਸ 'ਤੇ ਇਲਜ਼ਾਮ ਲਗਾਉਂਦਿਆਂ ਆਖਿਆ ਕਿ ਪੁਲਸ ਦੀ ਸੁਸਤ ਚਾਲ ਕਾਰਨ ਹੀ ਚੋਰਾਂ ਦੇ ਹੌਸਲੇ ਬੁਲੰਦ ਹਨ। ਆਏ ਦਿਨ ਹੋ ਰਹੀਆਂ ਚੋਰੀਆਂ ਕਾਰਨ ਲੋਕਾਂ ਦੇ ਮਨਾਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਉਧਰ, ਜਦੋਂ ਇਸ ਸਬੰਧੀ ਡੀ.ਐੱਸ.ਪੀ. ਸ਼੍ਰੀ ਏ. ਆਰ. ਸ਼ਰਮਾ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਇਹ ਮਸਲਾ ਮੇਰੇ ਧਿਆਨ ਵਿੱਚ ਨਹੀਂ ਹੈ।

ਕਾਤਰਾਂ

ਅਦਾਲਤ 'ਚ ਹਾਜ਼ਰ ਨਾ ਹੋਣ 'ਤੇ ਕੇਸ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਮਾਨਯੋਗ ਅਦਾਲਤ ਵਿੱਚ ਗੈਰ-ਹਾਜ਼ਰ ਹੋਣ ਵਾਲੇ ਵਿਅਕਤੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਾਨਯੋਗ ਅਦਾਲਤ ਸ਼੍ਰੀ ਜਗਮੋਹਣ ਸਿੰਘ ਸੰਘੇ ਐਡੀਸ਼ਨਲ ਸੈਸ਼ਨ ਜੱਜ ਫਾਜ਼ਿਲਕਾ ਦੇ ਹੁਕਮ ਨੰਬਰ ਐੱਨਡੀਪੀਐੱਸ14/2019 ਮਿਤੀ 14-08-2023 ਨੂੰ ਥਾਣਾ ਸਦਰ ਵਿੱਚ ਪੁੱਜਾ ਸੀ ਕਿ ਮੁਕੱਦਮਾ ਨੰਬਰ 107 ਮਿਤੀ 10-07-2018 ਵਿੱਚ ਨਾਮਜ਼ਦ ਗੁਰਮੇਜ ਸਿੰਘ ਪੁੱਤਰ ਹਰਮੀਤ ਸਿੰਘ ਵਾਸੀ ਹਜ਼ਾਰਾ ਰਾਮ ਸਿੰਘ ਵਾਲਾ, ਜੋਕਿ ਆਪਣੀ ਤਾਰੀਖ 'ਤੇ ਮਾਨਯੋਗ ਅਦਾਲਤ ਵਿੱਚ ਹਾਜ਼ਰ ਨਹੀਂ ਹੋ ਰਿਹਾ, ਜਿਸ 'ਤੇ ਥਾਣਾ ਸਦਰ ਵਿੱਚ ਗੁਰਮੇਜ ਸਿੰਘ ਖਿਲਾਫ ਧਾਰਾ 174-ਏ ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਕੁੱਟਮਾਰ ਕਰਨ ਦੇ ਦੋਸ਼ 'ਚ ਪਤੀ-ਪਤਨੀ ਨਾਮਜ਼ਦ

ਜਲਾਲਾਬਾਦ (ਜੀਤ ਕੁਮਾਰ)-ਪਿੰਡ ਕਾਠਗੜ੍ਹ ਵਿਖੇ ਹੋਈ ਲੜਾਈ ਦੇ ਸਬੰਧ ਵਿੱਚ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਵੈਰੋਕੇ ਦੀ ਪੁਲਸ ਵੱਲੋਂ 2 ਜਣਿਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਸ਼ੀਲੋ ਬਾਈ ਪਤਨੀ ਕਸ਼ਮੀਰ ਸਿੰਘ ਵਾਸੀ ਕਾਠਗੜ੍ਹ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੀ ਹਵੇਲੇ ਦਾ ਚਿੱਕੜ ਵਾਲਾ ਪਾਣੀ ਚਿਮਨ ਸਿੰਘ ਦੇ ਘਰ ਵੱਲ ਜਾਂਦਾ ਹੈ, ਜਿਸ 'ਤੇ ਮਿਤੀ 7-7-2023 ਨੂੰ ਸਵੇਰੇ 6 ਵਜੇ ਉਸ (ਮੁਦੱਈ) ਦੀ ਲੜਕੀ ਨਿਰਮਲਾ ਰਾਣੀ ਨਾਲ ਹਵੇਲੀ ਤੋਂ ਆਪਣੇ ਰਿਹਾਇਸ਼ੀ ਘਰ ਨੂੰ ਜਾ ਰਹੇ ਸੀ ਤਾਂ ਘਰ ਦੇ ਮੇਨ ਗੇਟ ਕੋਲ ਚਿਮਨ ਸਿੰਘ ਪੁੱਤਰ ਸੋਹਣ ਸਿੰਘ ਤੇ ਸੰਤੋਸ਼ ਰਾਣੀ ਪਤਨੀ ਚਿਮਨ ਸਿੰਘ ਨੇ ਉਸ ਦੀ ਤੇ ਉਸ ਦੀ ਲੜਕੀ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ, ਜਿਸ 'ਤੇ ਉਹ ਸਰਕਾਰੀ ਹਸਪਤਾਲ ਵਿੱਚ ਇਲਾਜ ਲਈ ਦਾਖਲ ਹੋਏ। ਡਾਕਟਰ ਵੱਲੋਂ ਐੱਮ.ਐੱਲ.ਆਰ. ਕੱਟਣ ਤੇ ਡਾਕਟਰੀ ਰਿਪੋਰਟ ਆਉਣ ਤੋਂ ਬਾਅਦ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਮੁਦੱਈ ਸ਼ੀਲੋ ਬਾਈ ਦੇ ਬਿਆਨਾਂ ਦੇ ਅਧਾਰ 'ਤੇ ਚਿਮਨ ਸਿੰਘ ਤੇ ਸੰਤੋਸ਼ ਰਾਣੀ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

ਚੋਰੀ ਦੇ ਬੁਲਟ ਮੋਟਰਸਾਈਕਲ ਸਮੇਤ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਚੁੰਨੀ ਕਲਾਂ ਚੌਂਕੀ ਦੀ ਪੁਲਸ ਵੱਲੋਂ ਚੋਰੀਸ਼ੁਦਾ ਬੁਲਟ ਮੋਟਰਸਾਈਕਲ ਸਮੇਤ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਚੁੰਨੀ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਗੁਰਦੀਪ ਸਿੰਘ ਵਾਸੀ ਪਿੰਡ ਸ਼ਮਸ਼ੇਰ ਨਗਰ ਚੋਰੀ ਦਾ ਬੁਲੇਟ ਮੋਟਰਸਾਈਕਲ ਵੇਚਣ ਲਈ ਲਾਂਡਰਾਂ ਤੋਂ ਸਰਹਿੰਦ ਵੱਲ ਨੂੰ ਆ ਰਿਹਾ ਹੈ। ਮੁਖਬਰੀ ਮਿਲਣ 'ਤੇ ਚੁੰਨੀ ਕਲਾਂ ਚੌਂਕੀ ਦੇ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਨਾਕਾਬੰਦੀ ਕਰਦਿਆਂ ਗੁਰਦੀਪ ਸਿੰਘ ਨੂੰ ਚੋਰੀਸ਼ੁਦਾ ਬੁਲੇਟ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ, ਜਿਸ ਵਿਰੁੱਧ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 379 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਵਾ ਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

ਸੰਗਤਪੁਰ ਸੋਢੀਆਂ ਦਾ 10ਵਾਂ ਕ੍ਰਿਕਟ ਟੂਰਨਾਮੈਂਟ 22, 23 ਨੂੰ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ਼ਹੀਦ ਭਗਤ ਸਿੰਘ ਵੈਲਫੇਅਰ ਸਪੋਰਟਸ ਕਲੱਬ ਪਿੰਡ ਸੰਗਤਪੁਰ ਸੋਢੀਆਂ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵੱਲੋਂ 10ਵਾਂ ਸ਼ਾਨਦਾਰ ਕ੍ਰਿਕਟ ਟੂਰਨਾਮੈਂਟ 22, 23 ਸਤੰਬਰ ਕਰਾਇਆ ਜਾ ਰਿਹਾ ਹੈ, ਜਿਸ ਦਾ ਪੋਸਟਰ ਵਿਧਾਇਕ ਲਖਵੀਰ ਸਿੰਘ ਰਾਏ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਵਿਧਾਇਕ ਰਾਏ ਨੇ ਕਿਹਾ ਕਿ ਕਲੱਬ ਵੱਲੋਂ ਕੀਤਾ ਗਿਆ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਅਜਿਹੇ ਖੇਡ ਪ੍ਰੋਗਰਾਮ ਨੌਜਵਾਨ ਪੀੜ੍ਹੀ ਨੂੰ ਭੈੜੀਆਂ ਤੋਂ ਬਚਾਉਣ ਲਈ ਸਾਰਥਕ ਸਾਬਤ ਹੋਣਗੇ। ਸਾਰੇ ਹੀ ਦੇਸ ਪ੍ਰੇਮੀਆਂ ਨੂੰ ਅਜਿਹੇ ਚੰਗੇ ਉਪਰਾਲਿਆਂ ਦੇ ਵਿੱਚ ਵਧ-ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਜਦੋਂ ਤੋਂ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਮੁਹਿੰਮ ਸ਼ੁਰੂ ਕੀਤੀ ਗਈ ਹੈ, ਉਦੋਂ ਤੋਂ ਪਿੰਡ-ਪਿੰਡ ਖੇਡਾਂ ਖੇਡੀਆਂ ਜਾ ਰਹੀਆਂ ਹਨ। ਨੌਜਵਾਨ ਪੀੜ੍ਹੀ ਵਧ-ਚੜ੍ਹ ਕੇ ਇਸ ਵਿਚ ਯੋਗਦਾਨ ਪਾ ਰਹੀ ਹੈ। ਸੰਦੀਪ ਸਿੰਘ ਸੋਨਾ ਨੇ ਦੱਸਿਆ ਕਿ 12-12 ਟੀਮਾਂ ਦੇ ਦੋ ਪੋਲ ਹੋਣਗੇ। ਪਹਿਲੇ ਦਿਨ ਇੱਕ ਟੀਮ ਫਾਈਨਲ ਵਿੱਚ ਜਾਵੇਗੀ। ਪਹਿਲਾਂ ਇਨਾਮ 41 ਹਜ਼ਾਰ, ਦੂਜਾ ਇਨਾਮ 25 ਹਜ਼ਾਰ, ਤੀਜਾ ਤੇ ਚੌਥਾ ਇਨਾਮ 4100 ਰੁਪਏ ਦਾ ਹੋਵੇਗਾ। ਇਨ੍ਹਾਂ ਖਿਡਾਰੀਆਂ ਵਿੱਚੋਂ ਮੈਨ ਆਫ਼ ਦੀ ਸੀਰੀਜ, ਬੇਸਟ ਬਾਲਰ, ਬੇਸਟ ਬੈਟਸਮੈਨ ਵੀ ਚੁਣਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰੇਸ਼ ਬੰਟੀ, ਮਾਸਟਰ ਬਲਵੀਰ ਸਿੰਘ, ਪ੍ਰਧਾਨ ਮਨਵੀਰ ਸਿੰਘ ਸੋਖੋਂ, ਗੁਰਮੇਲ ਸਿੰਘ ਮੋਹਰ, ਮਨਪ੍ਰੀਤ ਬੈਂਸ, ਜਸਪ੍ਰੀਤ ਸੋਖੋਂ, ਇਮਰਾਨ ਖਾਨ, ਵਿਜੇ ਸਿੱਧੂ, ਹਰਮਨ ਸੋਖੋਂ, ਜਸਕਰਨ ਮੋਹਰ, ਤਰਨਵੀਰ ਸਿੰਘ, ਗੁਰਤੇਜ ਸੋਖੋਂ ਆਦਿ ਵੀ ਹਾਜ਼ਰ ਸਨ।

ਜੇ. ਐੱਨ. ਇੰਟਰਨੈਸ਼ਨਲ ਸਕੂਲ 'ਚ ਡੈਂਟਲ ਹੈਲਥ ਚੈੱਕਅੱਪ ਕੈਂਪ ਲਾਇਆ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)

ਜੇ. ਐੱਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਵਿਖੇ ਦੋ ਰੋਜ਼ਾ ਡੈਂਟਲ ਹੈਲਥ ਚੈੱਕਅੱਪ ਕੈਂਪ ਲਾਇਆ ਗਿਆ, ਜਿਸ 'ਚ ਗੁਰੂ ਹਰਸਹਾਇ ਦੇ ਮਸ਼ਹੂਰ ਡਾਕਟਰ ਸ੍ਰੀ ਮਾਨਵ ਗਾਂਧੀ, ਡਾਕਟਰ ਰਾਜੀਵ ਗਾਂਧੀ ਵੱਲੋਂ ਚੈੱਕਅੱਪ ਕੀਤਾ ਗਿਆ। ਇਸ ਡੈਂਟਲ ਕੈਂਪ ਦੇ ਮੁੱਖ ਸਹਿਯੋਗੀ ਸਾਥੀ ਇੰਡੀਕੋ ਰੇਮੀਡੀਅਸ ਗੁਰਮੀਤ ਸਿੰਘ ਤੇ ਮੇਨਕਾਈਂਡ ਤੋਂ ਪ੍ਰਦੀਪ ਕੁਮਾਰ ਦੇ ਸਹਿਯੋਗ ਨਾਲ ਲਾਇਆ ਗਿਆ। ਜੇ. ਐੱਨ. ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਚਪਨ ਵਿੱਚ ਵਿਦਿਆਰਥੀਆਂ ਨੂੰ ਦੰਦਾਂ ਨਾਲ ਸੰਬੰਧਤ

5-Sept-PAGE-11-Majha-23.qxd 9/4/2023 10:33 PM Page 1

ਭ੍ਰਿਸ਼ਟਾਚਾਰ ਤੇ ਨਸ਼ਾ ਮਾਨ ਸਰਕਾਰ ਜੜ੍ਹੋਂ ਪੁੱਟ ਕੇ ਹੀ ਸਾਹ ਲਵੇਗੀ : ਡਾ. ਰਿਆੜ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਆਮ ਲੋਕਾਂ ਦੀ ਸਹਿਮਤੀ ਨਾਲ ਇੱਕ ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ ਕਾਦੀਆਂ ਵਿਖੇ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਐੱਸਐੱਸਪੀ ਬਟਾਲਾ ਨੇ ਕੀਤੀ। ਸੈਮੀਨਾਰ ਦਾ ਆਯੋਜਨ ਕਾਮਰੇਡ ਗੁਰਮੇਜ ਸਿੰਘ ਕਾਦੀਆਂ ਅਤੇ ਇੰਸਪੈਕਟਰ ਗੁਰਿੰਦਰ ਸਿੰਘ ਥਾਣਾ ਮੁਖੀ ਕਾਦੀਆਂ ਵਲੋਂ ਕੀਤਾ ਗਿਆ। ਐੱਸਐੱਸਪੀ ਬਟਾਲਾ ਨੇ ਸੈਮੀਨਾਰ ਵਿੱਚ ਬੋਲਦਿਆਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਅਤੇ ਪੰਜਾਬ ਵਿੱਚ ਵੱਧ ਰਹੇ ਨਸ਼ੇ ਨੂੰ ਲੈ ਕੇ ਪੁਲਸ ਪ੍ਰਸ਼ਾਸਨ ਵੀ ਚਿੰਤਤ ਹੈ ਪਰ ਨਸ਼ੇ ਦੀ ਲਾਹਨਤ ਨੂੰ ਖਤਮ ਕਰਨ ਲਈ ਆਮ ਪਬਲਿਕ ਦਾ ਸਹਿਯੋਗ ਬਹੁਤ ਹੀ ਜ਼ਰੂਰੀ ਹੈ। ਸੈਮੀਨਾਰ ਵਿੱਚ ਵਿਸ਼ੇਸ਼ ਸੱਦੇ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਡਾਕਟਰ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਡਾ. ਕੁਲਵਿਦਰ ਸਿੰਘ ਰਿਆੜ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਇਸ ਕੋਹੜ ਨੂੰ ਜੜ੍ਹੋਂ ਖਤਮ ਕਰਨ ਲਈ ਪੰਜਾਬ ਪੁਲਸ ਦਾ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਤੇ ਨਸ਼ਾ ਮਾਨ ਸਰਕਾਰ ਜੜ੍ਹੋਂ ਪੁੱਟ ਕੇ ਹੀ ਸਾਹ ਲਵੇਗੀ। ਸੈਮੀਨਾਰ ਵਿੱਚ ਹੋਰਨਾਂ ਤੋਂ ਇਲਾਵਾ ਆਪ ਆਗੂ ਕਸ਼ਮੀਰ ਮਸੀਹ ਬਟਾਲਾ, ਕੀਰਤਨ ਸਿੰਘ ਬਾਜਵਾ ਆਪ ਆਗੂ ਬਟਾਲਾ, ਟੀ. ਐੱਸ. ਲੂੰਬਾ, ਦਰਸ਼ਨ ਸਿੰਘ ਬੋਪਾਰਾਏ ਹਾਜ਼ਰ ਸਨ।

ਲੋਕਾਂ ਦੇ ਰੋਹ ਕਾਰਨ ਹਲਕਾ ਵਿਧਾਇਕ ਨੂੰ ਗੱਡੀ ਛੱਡ ਕੇ ਜਾਣਾ ਪਿਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੂੰ ਇਲਾਕੇ ਦੇ ਪਿੰਡ ਗੋਹਲਵੜ ਵਿੱਚ ਕਿਸਾਨਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਉਨ੍ਹਾਂ ਨੂੰ ਆਪਣੀ ਗੱਡੀ ਮੌਕੇ 'ਤੇ ਹੀ ਛੱਡਣੀ ਪਈ ਤੇ ਪੁਲਸ ਦੀ ਸਖਤ ਸੁਰੱਖਿਆ ਹੇਠ ਉਨ੍ਹਾਂ ਨੂੰ ਉਥੋਂ ਕੱਢਿਆ ਗਿਆ। ਜਾਣਕਾਰੀ ਅਨੁਸਾਰ ਵਿਧਾਇਕ ਸੋਹਲ ਪਿੰਡ ਗੋਹਲਵੜ ਵਿੱਚ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਨ ਲਈ ਗਏ ਸਨ। ਉਨ੍ਹਾਂ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਮਨਜਿੰਦਰ ਸਿੰਘ ਗੋਹਲਵੜ ਦੀ ਅਗਵਾਈ ਵਿੱਚ ਕਿਸਾਨਾਂ ਨੇ ਘੇਰ ਕੇ ਸਵਾਲ ਕੀਤੇ। ਵਿਧਾਇਕ ਨੇ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਰੋਹ ਵਿੱਚ ਆਏ ਕਿਲਾਨਾਂ ਨੇ ਵਿਧਾਇਕ ਦੀ ਗੱਡੀ ਰੋਕ ਲਈ। ਵਿਧਾਇਕ ਨੂੰ ਕਿਸੇ ਪ੍ਰਾਈਵੇਟ ਗੱਡੀ ਵਿੱਚ ਬੈਠ ਕੇ ਭਾਰੀ ਪੁਲਸ ਫੋਰਸ ਨਾਲ ਮੌਕੇ ਤੋਂ ਬਾਹਰ ਨਿਕਲਣਾ ਪਿਆ।

ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਵੇਕਲੀ ਸ਼ੁਰੂਆਤ

ਪਿੰਡਾਂ 'ਚ ਖੇਡ ਮੈਦਾਨਾਂ ਦੇ ਨਾਂਅ ਉਲੰਪੀਅਨਾਂ ਦੇ ਨਾਂਅ 'ਤੇ ਰੱਖੇ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਜ਼ਿਲ੍ਹੇ ਦੇ ਉਲੰਪੀਅਨਾਂ ਨੂੰ ਉਨ੍ਹਾਂ ਦੀਆਂ ਖੇਡ ਪ੍ਰਾਪਤੀਆਂ ਬਦਲੇ ਮਾਣ ਦਿੰਦੇ ਹੋਏ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਲੰਪੀਅਨਾਂ ਦੇ ਪਿੰਡਾਂ ਵਿੱਚ ਖੇਡ ਮੈਦਾਨਾਂ ਨੂੰ ਵਿਕਸਤ ਕਰਕੇ ਉਨ੍ਹਾਂ ਦਾ ਨਾਮ ਉਲੰਪੀਅਨਾਂ ਦੇ ਨਾਮ ਉੱਪਰ ਰੱਖਿਆ ਗਿਆ ਹੈ। ਇਸ ਮੁਹਿੰਮ ਦੀ ਸ਼ੁਰੂਆਤ ਬੀਤੇ ਦਿਨੀਂ ਕੌਮੀ ਖੇਡ ਦਿਵਸ ਮੌਕੇ ਜ਼ਿਲ੍ਹੇ ਦੇ ਤਿੰਨ ਪਿੰਡਾਂ ਮਸਾਣੀਆਂ, ਚਾਹਲ ਕਲਾਂ ਅਤੇ ਕੰਡੀਲਾ ਦੇ ਖੇਡ ਮੈਦਾਨਾਂ ਨੂੰ ਵਿਕਸਤ ਕਰਕੇ ਉਨ੍ਹਾਂ ਦੇ ਨਾਮ ਉਲੰਪੀਅਨ ਦੇ ਨਾਮ ਰੱਖਣ ਨਾਲ ਕੀਤੀ ਗਈ ਹੈ। ਦੱਸਣਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਉਲੰਪੀਅਨਾਂ ਦੀ ਸੂਚੀ ਤਿਆਰ ਕੀਤੀ ਗਈ ਸੀ ਜਿਸ ਤਹਿਤ ਜ਼ਿਲ੍ਹੇ ਦੇ 13 ਉਲੰਪੀਅਨਜ਼ ਦੇ ਨਾਮ ਸਾਹਮਣੇ ਆਏ ਸਨ। ਪਹਿਲੇ ਪੜਾਅ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਿੰਨ ਖੇਡ ਮੈਦਾਨਾਂ ਜਿਨ੍ਹਾਂ ਵਿੱਚ ਹਾਕੀ ਖਿਡਾਰੀ ਉਲੰਪੀਅਨ ਪ੍ਰਭਜੋਤ ਸਿੰਘ ਦੇ ਪਿੰਡ ਮਸਾਣੀਆਂ, ਹਾਕੀ ਖਿਡਾਰੀ ਉਲੰਪੀਅਨ ਸਿਮਰਨਜੀਤ ਸਿੰਘ ਦੇ ਪਿੰਡ ਚਾਹਲ ਕਲਾਂ ਅਤੇ ਅਥੈਲਿਟਕਸ ਦੇ ਉਲੰਪੀਅਨ ਰਹੇ ਅਜੀਤ ਸਿੰਘ ਭੁੱਲਰ ਦੇ ਪਿੰਡ ਕੰਡੀਲਾ ਵਿਖੇ ਖੇਡ ਮੈਦਾਨਾਂ ਨੂੰ ਤਿਆਰ ਕਰਕੇ ਇਨ੍ਹਾਂ ਤਿੰਨਾਂ ਖੇਡ ਮੈਦਾਨਾਂ ਦੇ ਨਾਮ ਇਨ੍ਹਾਂ ਉਲੰਪੀਅਨ ਦੇ ਨਾਮ ਉੱਪਰ ਰੱਖੇ ਗਏ ਹਨ। ਇਸ ਪਹਿਲਕਦਮੀ ਦਾ ਉਲੰਪੀਅਨ ਸਿਮਰਨਜੀਤ ਸਿੰਘ ਅਤੇ ਉਲੰਪੀਅਨ ਪ੍ਰਭਜੋਤ ਸਿੰਘ ਨੇ ਭਰਵਾਂ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡ ਮੈਦਾਨਾਂ ਦੀ ਬਦੌਲਤ ਹੋਰ ਖਿਡਾਰੀ ਵੀ ਪੈਦਾ ਹੋਣਗੇ ਜੋ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨਗੇ। ਇਸੇ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲੇ ਪੜਾਅ ਤਹਿਤ ਤਿੰਨ ਉਲੰਪੀਅਨ ਦੇ ਪਿੰਡਾਂ ਦੇ ਖੇਡ ਮੈਦਾਨਾਂ ਨੂੰ ਵਿਕਸਤ ਕਰਕੇ ਖਿਡਾਰੀਆਂ ਦੇ ਅਰਪਣ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਜਲਦੀ ਹੀ ਬਾਕੀ ਉਲੰਪੀਅਨ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਖੇਡ ਮੈਦਾਨਾਂ ਅਤੇ ਸਟੇਡੀਅਮ ਨੂੰ ਵੀ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੁਝ ਉਲੰਪੀਅਨ ਦੇ ਪਿੰਡ/ਸ਼ਹਿਰ ਵਿੱਚ ਖੇਡ ਮੈਦਾਨ ਲਈ ਥਾਂ ਨਹੀਂ ਹੈ ਸੋ ਓਥੇ ਉਨ੍ਹਾਂ ਉਲੰਪੀਅਨ ਦੇ ਨਾਮ ਉੱਪਰ ਖੇਡ ਟੂਰਨਾਮੈਂਟ ਕਰਵਾਉਣ ਦੇ ਨਾਲ ਸਕਾਲਰਸ਼ਿਪ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ ਅਤੇ ਹੱਸਦਾ, ਖੇਡਦਾ, ਰੰਗਲਾ ਪੰਜਾਬ ਬਣਾਉਣ ਵਿੱਚ ਜ਼ਿਲ੍ਹਾ ਗੁਰਦਾਸਪੁਰ ਆਪਣਾ ਮੋਹਰੀ ਰੋਲ ਅਦਾ ਕਰੇਗਾ।

'ਬਿੱਲ ਲਿਆਓ ਇਨਾਮ ਪਾਓ' ਸਕੀਮ ਤਹਿਤ ਜਿੱਤੇ 29 ਲੱਖ ਦੇ ਇਨਾਮ: ਸੇਖਵਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਵੱਲੋਂ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਲਾਗੂ ਕੀਤੀ ਗਈ ਹੈ। ਸਕੀਮ ਅਧੀਨ ਮੇਰਾ ਬਿੱਲ ਐਪ 'ਤੇ ਪੰਜਾਬ ਰਾਜ ਵਿੱਚ ਕੀਤੀ ਗਈ ਖਰੀਦ ਦਾ ਬਿੱਲ ਅਪਲੋਡ ਕਰਕੇ ਉਪਭੋਗਤਾਵਾਂ ਵੱਲੋਂ ਪੰਜਾਬ ਦੇ 29 ਸਹਾਇਕ ਕਮਿਸ਼ਨਰ ਰਾਜ ਕਰ ਦਫ਼ਤਰਾਂ ਵਿੱਚ 29 ਲੱਖ ਤੱਕ ਦੇ ਇਨਾਮ ਜਿੱਤੇ ਜਾ ਸਕਦੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਸ ਤਰ੍ਹਾਂ ਹਰ ਜ਼ਿਲ੍ਹੇ ਵਿੱਚ ਹਰ ਮਹੀਨੇ 10 ਇਨਾਮ ਜਿੱਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬਿੱਲ ਦਾ ਘੱਟੋ-ਘੱਟ ਮੁੱਲ 200 ਰੁਪਏ ਹੋਣਾ ਚਾਹੀਦਾ ਹੈ (ਟੈਕਸ ਫ੍ਰੀ ਵਸਤਾਂ ਅਤੇ ਜੀ.ਐਸ.ਟੀ ਤੋਂ ਬਿਨ੍ਹਾਂ), ਜਿਸ ਮਹੀਨੇ ਵਿੱਚ ਕੋਈ ਖਰੀਦ ਕੀਤੀ ਹੈ, ਉਸ ਮਹੀਨੇ ਵਿੱਚ ਅਪਲੋਡ ਕੀਤਾ ਗਿਆ ਬਿੱਲ ਹੀ ਲੱਕੀ ਡਰਾਅ ਲਈ ਯੋਗ ਮੰਨਿਆ ਜਾਵੇਗਾ। ਇਨਾਮ ਦੀ ਰਾਸ਼ੀ ਵਸਤਾਂ/ਸਰਵਿਸਜ਼ ਦੀ ਟੈਕਸੇਬਲ ਵੈਲਯੂ ਤੋਂ ਪੰਜ ਗੁਣਾਂ ਜਾਂ ਵੱਧ ਤੋਂ ਵੱਧ 10 ਹਜ਼ਾਰ ਰੁਪਏ ਪ੍ਰਤੀ ਇਨਾਮ ਹੋਵੇਗੀ। ਗੂਗਲ ਪਲੇਅ ਸਟੋਰ ਅਤੇ ਐਪ ਸਟੋਰ (ਆਈ.ਓ.ਐਸ) ਤੋਂ ਮੇਰਾ ਬਿੱਲ ਐਪ ਨੂੰ ਡਾਊਨਲੋਡ ਕੀਤਾ ਜਾ ਸਕਦਾ ਹੈ। ਅਪਲੋਡ ਕੀਤੇ ਬਿੱਲਾਂ ਵਿੱਚੋਂ ਹੀ ਅਗਲੇ ਮਹੀਨੇ ਦੀ 7 ਤਾਰੀਖ ਨੂੰ ਲੱਕੀ ਡਰਾਅ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੈਟਰੋਲੀਅਮ ਉਤਪਾਦ ਅਤੇ ਸ਼ਰਾਬ ਦੇ ਵਿਕਰੀ ਬਿੱਲ ਡਰਾਅ ਲਈ ਯੋਗ ਨਹੀਂ ਹਨ। ਜੇਤੂਆਂ ਦੀ ਲਿਸਟ ਟੈਕਸੇਸ਼ਨ ਵਿਭਾਗ ਦੀ ਵੈੱਬਸਾਈਟ www.taxation.punjab.gov.in ਤੇ ਡਿਸਪਲੇਅ ਕੀਤੀ ਜਾਵੇਗੀ ਅਤੇ ਉਨਾਂ ਨੂੰ ਮੋਬਾਇਲ ਫੋਨ ਤੇ ਵੀ ਸੂਚਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਤੂ ਉਭੋਗਤਾਵਾਂ ਵੱਲੋਂ ਮੋਬਾਇਲ ਐਪ 'ਤੇ ਵੈਲਿਡ ਬੈਂਕ ਅਕਾਊਂਟ ਨੰਬਰ ਅਤੇ ਆਈ.ਐਫ.ਐਸ.ਸੀ. ਅਪਡੇਟ ਕਰਨਾ ਜ਼ਰੂਰੀ ਹੋਵੇਗਾ ਅਤੇ ਇਨਾਮ ਦੀ ਰਾਸ਼ੀ ਉਨ੍ਹਾਂ ਦੇ ਦਿੱਤੇ ਗਏ ਬੈਂਕ ਖਾਤੇ ਵਿਚ ਸਿੱਧੇ ਤੌਰ 'ਤੇ ਭੇਜੀ ਜਾਵੇਗੀ।

ਕਿਰਤੀ ਕਿਸਾਨ ਯੂਨੀਅਨ ਅਟਾਰੀ/ਹੁਸੈਨੀਵਾਲਾ ਵਿਖੇ ਕਰੇਗੀ ਵਿਸ਼ਾਲ ਕਾਨਫਰੰਸਾਂ

ਗੁਰਦਾਸਪੁਰ (ਜਨਕ ਮਹਾਜਨ)-ਕਿਰਤੀ ਕਿਸਾਨ ਯੂਨੀਅਨ ਨੇ ਅਟਾਰੀ-ਵਾਹਗਾ ਅਤੇ ਹੁਸੈਨੀਵਾਲਾ ਸੜਕੀ ਲਾਂਘਿਆਂ ਰਾਹੀਂ ਭਾਰਤ-ਪਾਕਿਸਤਾਨ ਵਪਾਰ ਖੋਲ੍ਹਣ ਦੀ ਮੰਗ ਨੂੰ ਲੈ ਕੇ 18 ਸਤੰਬਰ ਨੂੰ ਅਟਾਰੀ ਵਿਖੇ ਅਤੇ 20 ਸਤੰਬਰ ਨੂੰ ਹੁਸੈਨੀਵਾਲਾ ਵਿਖੇ ਵਿਸ਼ਾਲ ਕਾਨਫਰੰਸਾਂ ਕਰਨ ਦਾ ਐਲਾਨ ਕੀਤਾ ਹੋਇਆ ਹੈ।

20 ਸਤੰਬਰ ਹੁਸੈਨੀਵਾਲਾ ਕਾਨਫਰੰਸ ਦੀਆਂ ਤਿਆਰੀਆਂ ਸਬੰਧੀ ਕਿਰਤੀ ਕਿਸਾਨ ਯੂਨੀਅਨ ਦੀ ਗੁਰਦਾਸਪੁਰ ਜ਼ਿਲਾ ਕਮੇਟੀ ਦੀ ਮੀਟਿੰਗ ਜ਼ਿਲਾ ਪ੍ਰਧਾਨ ਤਰਲੋਕ ਸਿੰਘ ਬਹਿਰਾਮਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕੇ ਹੁਸੈਨੀਵਾਲਾ ਕਾਨਫਰੰਸ ਲਈ ਮਾਲਵੇ ਦੇ ਜ਼ਿਲਿਆਂ 'ਚੋਂ ਕਿਸਾਨ, ਮਜ਼ਦੂਰ, ਟਰਾਂਸਪੋਰਟਰ, ਛੋਟੇ ਵਪਾਰੀ ਆਦਿ ਲਾਮਬੰਦ ਕੀਤੇ ਜਾਣਗੇ ਕਿਉਂਕਿ ਇਹ ਮਸਲਾ ਸਮੁੱਚੇ ਪੰਜਾਬ ਦੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੱਥੇਬੰਦੀ ਅਟਾਰੀ ਤੇ ਹੁਸੈਨੀਵਾਲਾ ਕਾਨਫਰੰਸਾਂ ਦੀ ਕਾਮਯਾਬੀ ਲਈ ਸੂਬੇ ਦੇ ਪਿੰਡਾਂ 'ਚ ਪ੍ਰਚਾਰ-ਮੁਹਿੰਮ ਚਲਾਵੇਗੀ।

ਇਸ ਮੌਕੇ ਜ਼ਿਲਾ ਆਗੂ ਮੁਖਤਿਆਰ ਸਿੰਘ ਮੱਲ੍ਹੀਆਂ, ਪਲਵਿੰਦਰ ਸਿੰਘ ਕਿਲ੍ਹਾ ਨੱਥੂ ਸਿੰਘ, ਦਲਜੀਤ ਸਿੰਘ ਤਲਵੰਡੀ, ਜਗਮੋਹਨ ਖੋਜੇਪੁਰ ਆਦਿ ਆਗੂ ਹਾਜ਼ਰ ਸਨ।

ਬੁੱਟਰ ਖੁਰਦ ਦੀ ਸਮੂਹ ਪੰਚਾਇਤ ਆਮ ਆਦਮੀ ਪਾਰਟੀ 'ਚ ਸ਼ਾਮਲ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪੰਜਾਬ ਸਰਕਾਰ ਦੇ ਕੰਮਾਂ ਅਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਪਿੰਡ ਬੁੱਟਰ ਖੁਰਦ ਹਲਕਾ ਜੰਡਿਆਲਾ ਗੁਰੂ ਦੀ ਸਮੂਹ ਪੰਚਾਇਤ ਵਲੋਂ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵਿਕਾਸ ਦੀ ਰਾਜਨੀਤੀ ਕਰ ਰਹੀ ਹੈ ਨਾ ਕਿ ਪੱਖਪਾਤ ਦੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਆਪ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਪਿੰਡਾਂ ਵਿੱਚ ਬਿਨਾਂ ਪੱਖਪਾਤ ਦੇ ਵਿਕਾਸ ਕਰ ਰਹੇ ਹਾਂ ਅਤੇ ਲੋਕਾਂ ਦੀਆਂ ਮੁਸ਼ਕਲਾਂ ਉਨ੍ਹਾਂ ਤੱਕ ਪਹੁੰਚ ਕਰਕੇ ਹੱਲ ਰਹੇ ਹਾਂ। ਇਸ ਮੌਕੇ ਸ਼ਾਮਲ ਹੋਣ ਵਾਲਿਆਂ 'ਚ ਸਰਪੰਚ ਧਰਮਿੰਦਰ ਸਿੰਘ, ਮੈਂਬਰ ਪੰਚਾਇਤ ਦਿਲਬਾਗ ਸਿੰਘ, ਗੋਬਿੰਦ ਸਿੰਘ, ਨਾਰੰਗ ਸਿੰਘ, ਮਨਜੀਤ ਕੌਰ, ਪ੍ਰੀਤ ਕੌਰ, ਕਸ਼ਮੀਰ ਸਿੰਘ, ਠੱਠਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ। ਇਸ ਮੌਕੇ ਚੇਅਰਮੈਨ ਡਾ: ਗੁਰਿੰਦਰ ਸਿੰਘ, ਗੁਰਵਿੰਦਰ ਬੱਲ ਯੂ:ਕੇ, ਅਜੈ ਗਾਂਧੀ, ਦਯਾ ਸਿੰਘ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

ਖੇਤਰੀ ਖੋਜ ਕੇਂਦਰ ਗੁਰਦਾਸਪੁਰ ਵਿਖੇ ਕਿਸਾਨ ਮੇਲਾ 12 ਨੂੰ

ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ, ਗੁਰਦਾਸਪੁਰ ਵਿਖੇ 12 ਸਤੰਬਰ ਨੂੰ 'ਖੇਤਰੀ ਕਿਸਾਨ ਮੇਲਾ' ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ ਦੇ ਨਿਰਦੇਸ਼ਕ ਡਾ. ਭੁਪਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਮੇਲੇ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਕੀਤੀਆਂ ਨਵੀਆਂ ਸਿਫਾਰਸ਼ਾਂ ਅਤੇ ਤਕਨੀਕਾਂ ਦੀ ਜਾਣਕਾਰੀ ਦਿੱਤੀ ਜਾਵੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਮੇਲੇ ਵਿਚ ਮਾਹਿਰਾਂ ਵੱਲੋਂ ਖੇਤੀ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਸਵਾਲਾਂ ਦੇ ਜਵਾਬ ਦਿੱਤੇ ਜਾਣਗੇ ਅਤੇ ਖੇਤੀ ਸੰਬੰਧੀ ਵਿਸ਼ਿਆਂ ਤੇ ਮਾਹਿਰਾਂ ਨਾਲ ਗੋਸ਼ਟੀ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਕਿਸਾਨ ਮੇਲੇ ਵਿਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਸ਼ਾਮਲ ਹੋਣਗੇ। ਡਾ. ਸਤਬੀਰ ਸਿੰਘ ਗੋਸਲ ਉਪ ਕੁਲਪਤੀ, ਪੰਜਾਬ ਖੇਤੀਬਾੜ

5-Sep-PAGE-12.qxd 9/4/2023 10:34 PM Page 1

ਪੰਜਾਬ ਸਰਕਾਰ ਸੂਬੇ ਅੰਦਰ ਖੇਡ ਸੱਭਿਆਚਾਰ ਪ੍ਰਫੁੱਲਤ ਕਰਨ ਲਈ ਵਚਨਬੱਧ : ਅੰਗੂਰਾਲ

ਜਲੰਧਰ (ਸ਼ੈਲੀ ਐਲਬਰਟ)-ਪੰਜਾਬ ਸਰਕਾਰ ਵਲੋਂ ਸੂਬੇ ਅੰਦਰ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਤਹਿਤ ਕਰਵਾਈਆਂ ਜਾ ਰਹੀਆਂ ਖੇਡਾਂ ਤਹਿਤ ਜ਼ਿਲ੍ਹੇ ਅੰਦਰ ਵਿਧਾਇਕ ਸ਼ੀਤਲ ਅੰਗੂਰਾਲ ਵਲੋਂ ਸਟੇਟ ਸਪੋਰਟਸ ਸਕੂਲ ਦਾ ਦੌਰਾ ਕਰਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ । ਉਨ੍ਹਾਂ ਖਿਡਾਰੀਆਂ ਨੂੰ ਦਿੱਤੇ ਜਾ ਰਹੇ ਖਾਣੇ ਦਾ ਜਾਇਜ਼ਾ ਲਿਆ ਤੇ ਉਨ੍ਹਾਂ ਦੇ ਨਾਲ ਹੀ ਖਾਣਾ ਖਾਧਾ । ਇਸ ਮੌਕੇ ਵਿਧਾਇਕ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਅੰਦਰ ਖੇਡ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਵਚਨਬੱਧ ਹੈ ਅਤੇ ਇਸ ਲਈ ਸਾਰਥਕ ਕਦਮ ਚੁੱਕੇ ਜਾ ਰਹੇ ਹਨ । ਉਨਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਰਾਹੀਂ ਖਿਡਾਰੀਆਂ ਨੂੰ ਅਪਣੀ ਕਲਾ ਦਾ ਪ੍ਰਦਰਸ਼ਨ ਦਿਖਾਉਣ ਲਈ ਇਕ ਵਧੀਆ ਮੰਚ ਮਿਲਿਆ ਹੈ। ਜਿਸ ਨਾਲ ਇਨ੍ਹਾਂ ਉਭਰਦੇ ਖਿਡਾਰੀਆਂ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਦੇ ਯੋਗ ਬਣਾਇਆ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਖੇਡਾਂ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹਨ ਅਤੇ ਇਹ ਖਿਡਾਰੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਦੱਸਿਆ ਕਿ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰਦਿਆਂ ਹੋਰਨਾਂ ਨੂੰ ਵੀ ਖੇਡਾਂ ਨਾਲ ਜੁੜਨ ਲਈ ਵੱਧ ਤੋਂ ਵੱਧ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਸੂਬੇ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਲਈ ਪੂਰੀ ਲਗਨ ਅਤੇ ਮਿਹਨਤ ਨਾਲ ਖੇਡਣਾ ਚਾਹੀਦਾ ਹੈ। ਉਨਾਂ ਕਿਹਾ ਕਿ ਖੇਡਾਂ ਵਤਨ

ਪੰਜਾਬ ਦੀਆਂ' ਸੀਜ਼ਨ-2 ਤਹਿਤ ਕਰਵਾਏ ਜਾ ਰਹੇ ਵੱਖ-ਵੱਖ ਖੇਡ ਮੁਕਾਬਲਿਆਂ ਦੌਰਾਨ 3000 ਤੋਂ ਵੱਧ ਖਿਡਾਰੀ ਭਾਗ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਅੰਦਰ ਖੇਡ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਵਚਨਬੱਧ ਹੈ ਅਤੇ ਇਸ ਲਈ ਸਾਰਥਕ ਕਦਮ ਚੁੱਕੇ ਜਾ ਰਹੇ ਹਨ । ਇਸ ਮੌਕੇ ਉਨ੍ਹਾਂ ਦੇ ਨਾਲ ਨੋਡਲ ਅਫ਼ਸਰ ਉਮੇਸ਼ ਸ਼ਰਮਾ, ਬਲਾਕ ਇੰਚਾਰਜ ਬਿਕਰਮਜੀਤ ਸਿੰਘ, ਕੋਚ ਸਰਬਜੀਤ ਸਿੰਘ ਹੈਪੀ, ਅਮਰੀਕ ਸਿੰਘ, ਬਲਦੀਪ ਸਿੰਘ ਤੇ ਡੀ.ਪੀ. ਅਸ਼ਵਨੀ ਵੀ ਮੌਜੂਦ ਸਨ । ਬਲਾਕ ਪੱਧਰੀ ਖੇਡ ਮੁਕਾਬਲਿਆਂ ਦੇ ਨਤੀਜੇ ਇਸ ਤਰ੍ਹਾਂ ਰਹੇ- ਫੁੱਟਬਾਲ ਅੰਡਰ-17 ਲੜਕਿਆਂ ਵਿੱਚ ਸਕੀਲਰ ਫੁੱਟਬਾਲ ਅਕੈਡਮੀ ਨੇ ਪਹਿਲਾ ਅਤੇ ਐਮ.ਜੀ.ਐਨ. ਪਬਲਿਕ ਸਕੂਲ ਨੇ ਦੂਜਾ ਸਥਾਨ ਹਾਸਲ ਕੀਤਾ । ਵਾਲੀਬਾਲ ਅੰਡਰ-17 ਲੜਕਿਆਂ ਦੇ ਮੁਕਾਬਲਿਆਂ ਵਿੱਚ ਸਟੇਟ ਸਪੋਰਟਸ ਸਕੂਲ ਜਲੰਧਰ ਨੇ ਪਹਿਲਾ, ਸ੍ਰੀ ਗੁਰੂ ਅਰਜਨ ਦੇਵ ਜੀ ਪਬਲਿਕ ਸਕੂਲ ਕਰਤਾਰਪੁਰ ਨੇ ਦੂਜਾ ਅਤੇ ਯੂਨਾਈਟਿਡ ਕ੍ਰਿਸ਼ਚੀਅਨ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ। ਰਸਾਕੱਸੀ ਅੰਡਰ-17 ਲੜਕਿਆਂ ਦੇ ਮੁਕਾਬਲੇ ਵਿੱਚ ਮਾਤਾ ਗੁਜਰੀ ਖਾਲਸਾ ਮਾਰਡਨ ਸੀਨੀਅਰ ਸੈਕੰਡਰੀ ਸਕੂਲ ਬਾਬੂ ਲਾਭ ਸਿੰਘ ਨਗਰ ਨੇ ਪਹਿਲਾ ਅਤੇ ਸੀਨੀਅਰ ਸੈਕੰਡਰੀ ਸਕੂਲ ਬਸਤੀ ਦਾਨਿਸ਼ਮੰਦਾ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-17 ਲੜਕੀਆਂ ਦੇ ਮੁਕਾਬਲਿਆਂ ਵਿੱਚ ਸੀਨੀਅਰ ਹਾਈ ਸਕੂਲ ਬੁਲੰਦਰਪੁਰ ਨੇ ਪਹਿਲਾ ਅਤੇ ਸਕੂਲ ਆਫ ਐਮੀਨੈਂਸ ਭਾਰਗੋ ਕੈਂਪ ਜਲੰਧਰ ਨੇ ਦੂਜਾ ਸਥਾਨ ਹਾਸਲ ਕੀਤਾ। ਖੋਹ-ਖੋਹ ਅੰਡਰ-17 ਲੜਕਿਆਂ ਦੇ ਮੁਕਾਬਲੇ ਵਿੱਚ ਉਗੀ ਚਿੱਟੀ ਸਕੂਲ (ਲੜਕੇ) ਨੇ ਪਹਿਲਾ, ਸਪੋਰਟਸ ਸਕੂਲ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਸਤੀ ਮਿੱਠੂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਖੋਹ-ਖੋਹ ਅੰਡਰ-17 ਲੜਕੀਆਂ ਦੇ ਮੁਕਾਬਲੇ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਆਦਰਸ਼ ਨਗਰ ਨੇ ਪਹਿਲਾ, ਦੇਵੀ ਸਹਾਇ ਸਨਾਤਨ ਧਰਮ ਸੀਨੀਅਰ ਸੈਕੰਡਰੀ ਸਕੂਲ ਬਸਤੀ ਨੌਂ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਸਤੀ ਮਿੱਠੂ ਨੇ ਤੀਜਾ ਸਥਾਨ ਹਾਸਲ ਕੀਤਾ ।

ਮਨਸੂਰਪੁਰ ਸਕੂਲ ਦੇ ਖਿਡਾਰੀਆਂ ਨੇ ਮਾਰੀਆਂ ਮੱਲਾਂ

ਗੁਰਾਇਆ (ਬਿੰਦਰ ਸੁਮਨ)-ਪੰਜਾਬ ਸਰਕਾਰ ਦੀ ਨਿਵੇਕਲੀ ਪਹਿਲਕਦਮੀ ਤਹਿਤ ਦੂਸਰੀਆਂ ਖੇਡਾਂ ਵਤਨ ਪੰਜਾਬ ਦੀਆਂ 2023 ਦਾ ਆਗਾਜ 29 ਅਗਸਤ 2023 ਨੂੰ ਜ਼ਿਲ੍ਹਾ ਬਠਿੰਡਾ ਵਿੱਚ ਕੀਤਾ ਗਿਆ। ਜਿਸ ਦਾ ਮੁੱਖ ਮੰਤਵ ਪੰਜਾਬ ਦੀ ਨੌਜਵਾਨੀ ਨੂੰ ਸੰਭਾਲਣਾ ਹੈ। ਜਿਸ ਦੀ ਪਹਿਲੀ ਕੜੀ ਵਿੱਚ ਬਲਾਕ ਪੱਧਰੀ ਖੇਡਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਬਲਾਕ ਫਿਲੌਰ ਦੀਆਂ ਖੇਡਾਂ ਗੁਰੂ ਹਰਿ ਰਾਏ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੁਸਾਂਝ ਕਲਾਂ ਵਿਖੇ ਹੋ ਰਹੀਆਂ ਹਨ। ਇਹਨਾਂ ਖੇਡਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ ਦੇ ਖਿਡਾਰੀਆਂ ਨੇ ਬਾਲੀਵਾਲ ਵਿੱਚ 4 ਪੁਜੀਸ਼ਨਾਂ ਹਾਸਲ ਕੀਤੀਆਂ ਹਨ। ਉਮਰ ਗਰੁੱਪ ਅੰਡਰ-14 ਸਾਲ ਮੁੰਡੇ ਅਤੇ ਕੁੜੀਆਂ ਨੇ ਬਲਾਕ ਵਿਚੋਂ ਪਹਿਲਾ ਸਥਾਨ ਅਤੇ ਅੰਡਰ-17 ਸਾਲ ਵਿੱਚੋਂ ਕੁੜੀਆਂ ਨੇ ਪਹਿਲਾ ਸਥਾਨ ਅਤੇ ਮੁੰਡਿਆਂ ਨੇ ਤੀਜਾ ਸਥਾਨ ਹਾਸਲ ਕੀਤਾ। ਜਿਸ ਨਾਲ ਖਿਡਾਰੀਆਂ ਨੇ ਆਪਣੇ ਸਕੂਲ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਸ੍ਰੀਮਤੀ ਗੁਰਬਖਸ਼ ਕੌਰ ਡੀ.ਪੀ.ਈ., ਪ੍ਰਿੰਸੀਪਲ ਹਰਦੀਪ ਸਿੰਘ, ਐਸ.ਐਮ.ਸੀ. ਚੇਅਰਮੈਨ ਬਲਵੀਰ ਕੁਮਾਰ ਅਤੇ ਸਮੂਹ ਅਧਿਆਪਕਾਂ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਦਿੱਤੀ।

ਜਸਵਿੰਦਰ ਸਿੰਘ ਦੋਆਬਾ ਕਿਸਾਨ ਕਮੇਟੀ ਦੇ ਬਣੇ ਪ੍ਰਧਾਨ

ਅੱਡਾ ਸਰਾਂ (ਕਾਜਲ)- ਕਿਸਾਨ ਜਥੇਬੰਦੀ ਦੋਆਬਾ ਕਿਸਾਨ ਕਮੇਟੀ ਪੰਜਾਬ ਦਾ ਇਕ ਵੱਡਾ ਇਕੱਠ ਪਿੰਡ ਦੇਹਰੀਵਾਲ ਵਿਚ ਹੋਇਆ। ਡਾ. ਦਵਿੰਦਰ ਸਿੰਘ, ਪ੍ਰਤਾਪ ਸਿੰਘ, ਗੁਰਨਾਮ ਸਿੰਘ ਅਤੇ ਕੁਲਦੀਪ ਸਿੰਘ ਦੇਹਰੀਵਾਲ ਦੀ ਅਗਵਾਈ ਵਿਚ ਹੋਏ ਇਸ ਇਕੱਠ ਦੌਰਾਨ ਜਥੇਬੰਦੀ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਨੇ ਕਿਸਾਨੀ ਮੰਗਾਂ ਦੇ ਹੱਕ ਵਿਚ ਅਵਾਜ਼ ਬੁਲੰਦ ਕੀਤੀ । ਲਾਇਨ ਕਿੰਗ ਯੂਥ ਕਲੱਬ ਦੇ ਵਿਸ਼ੇਸ਼ ਸਹਿਯੋਗ ਨਾਲ ਹੋਈ ਮੀਟਿੰਗ ਵਿਚ ਸਭ ਤੋਂ ਪਹਿਲਾ ਜਥੇਬੰਦੀ ਦੇ ਸੰਗਠਨ ਦੀ ਮਜ਼ਬੂਤੀ ਲਈ ਪਿੰਡ ਦੀ ਇਕਾਈ ਦਾ ਗਠਨ ਕੀਤਾ ਗਿਆ, ਜਿਸ ਵਿਚ ਸਮੂਹ ਮੈਂਬਰਾਂ ਨੇ ਸਰਬਸੰਮਤੀ ਦੇ ਨਾਲ ਜਸਵਿੰਦਰ ਸਿੰਘ ਨੂੰ ਪ੍ਰਧਾਨ, ਸੁਖਵਿੰਦਰ ਸਿੰਘ ਮੱਲੀ ਨੂੰ ਸੀਨੀਅਰ ਮੀਤ ਪ੍ਰਧਾਨ,ਪ੍ਰਤਾਪ ਸਿੰਘ ਅਤੇ ਮਹਿੰਦਰ ਸਿੰਘ ਨੂੰ ਮੀਤ ਪ੍ਰਧਾਨ,ਗੁਰਨਾਮ ਸਿੰਘ ਨੂੰ ਜਨਰਲ ਸਕੱਤਰ,ਨਰਿੰਦਰ ਪਾਲ ਸਿੰਘ ਨੂੰ ਸਕੱਤਰ,ਰਾਮ ਪਾਲ,ਸਿਮਰਨਜੀਤ ਸਿੰਘ,ਬਲਕਾਰ ਸਿੰਘ, ਸ਼ਾਨ ਨੂੰ ਸਹਾਇਕ ਸਕੱਤਰ, ਮਨਪ੍ਰੀਤ ਸਿੰਘ ਨੂੰ ਕੈਸ਼ੀਅਰ, ਹਰਜਾਪ ਵੀਰ ਸਿੰਘ ਅਤੇ ਰਫ਼ੀਕ ਮੁਹੰਮਦ ਨੂੰ ਸਲਾਹਕਾਰ ਬਣਾਇਆ ਗਿਆ। ਇਸ ਮੌਕੇ ਚੁਣੀ ਗਈ ਟੀਮ ਨੂੰ ਸਨਮਾਨਿਤ ਕਰਦੇ ਹੋਏ ਸੂਬਾ ਪ੍ਰਧਾਨ ਚੌਹਾਨ ਅਤੇ ਜਨਰਲ ਸਕੱਤਰ ਪ੍ਰਿਥਪਾਲ ਸਿੰਘ ਗੁਰਾਇਆ, ਬਲਵੀਰ ਸਿੰਘ ਸੋਹੀਆ, ਅਮਰਜੀਤ ਸਿੰਘ ਕੁਰਾਲਾ ਨੇ ਜਥੇਬੰਦੀ ਦੇ ਸਮੂਹ ਮੈਂਬਰਾਂ ਨੂੰ ਕਿਸਾਨਾਂ ਕਿਰਤੀਆਂ ਦੇ ਹੱਕਾਂ ਦੀ ਰਾਖੀ ਲਈ ਇਕਜੁੱਟ ਹੋ ਕੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਸੂਬਾ ਪ੍ਰਧਾਨ ਚੌਹਾਨ ਨੇ ਆਖਿਆ ਕਿ ਹੜਾਂ ਕਾਰਨ ਹੋਏ ਭਾਰੀ ਨੁਕਸਾਨ ਦੀ ਭਰਪਾਈ ਲਈ ਜਲਦ ਮੁਆਵਜੇ ਦਿੱਤੇ ਜਾਣ, ਸਰਕਾਰ ਵਲੋਂ ਫਸਲਾਂ ਦੀ ਗਿਰਦਾਵਰੀ ਦਾ ਆਧਾਰ ਜਮੀਨ ਦੇ ਮਾਲਕਾਨਾ ਹੱਕ ਨੂੰ ਛੱਡ ਕੇ ਕਾਸ਼ਤਕਾਰਾਂ ਦੇ ਨਾਂਅ 'ਤੇ ਕੀਤੀ ਜਾਵੇ। ਉਨ੍ਹਾਂ ਬਿਜਲੀ ਬਿੱਲ 2020 ਰੱਦ ਕਰਨ , ਕਰਜਾ ਮੁਕਤੀ,ਐੱਮ.ਐੱਸ. ਪੀ ਲਾਗੂ ਕਰਨ, ਅਵਾਰਾ ਅਤੇ ਜੰਗਲੀ ਜਾਨਵਰਾਂ ਤੋਂ ਫਸਲਾਂ ਦੇ ਬਚਾਅ ਆਦਿ ਪ੍ਰਤੀ ਵੀ ਅਵਾਜ ਬੁਲੰਦ ਕੀਤੀ। ਇਸ ਮੌਕੇ ਜਸਵੀਰ ਸਿੰਘ ਦੇਹਰੀਵਾਲ,ਕਲੱਬ ਪ੍ਰਧਾਨ ਜਸਕਰਨ ਸਿੰਘ, ਬੱਬੀ ਲਾਲੋਵਾਲ ,ਪਰਮਿੰਦਰ

ਸਿੰਘ ਲਿੱਤਰਾਂ, ਸੁਖਵਿੰਦਰ ਪਾਲ ਸਿੰਘ ਦੇਹਰੀਵਾਲ, ਬਲਵੰਤ ਸਿੰਘ ਦੇਹਰੀਵਾਲ, ਮਨਪ੍ਰੀਤ ਸਿੰਘ ਦੇਹਰੀਵਾਲ, ਸਤਵਿੰਦਰ ਢਡਿਆਲਾ,ਅਜੀਤ ਸਿੰਘ, ਚੈਂਚਲ ਸਿੰਘ ਦੇਹਰੀਵਾਲ, ਪ੍ਰੇਮ ਸਿੰਘ ਦੇਹਰੀਵਾਲ, ਵਿਜੇ ਕੁਮਾਰ ਦੇਹਰੀਵਾਲ,ਭੀਮਾ ਦੇਹਰੀਵਾਲ, ਬਲਜੀਤ ਸਿੰਘ ਦੇਹਰੀਵਾਲ, ਇੰਦਰਜੀਤ ਸਿੰਘ ਦੇਹਰੀਵਾਲ,ਮੋਹਨ ਸਿੰਘ ਦੇਹਰੀਵਾਲ, ਨੰਬਰਦਾਰ ਹੰਸ ਰਾਜ ਦੇ ਦੇਹਰੀਵਾਲ, ਪੰਜਾਬ ਸਿੰਘ ਬੈਚਾ,ਰਮਨ ਬੱਸੀ ਜਲਾਲ, ਰਜਿੰਦਰ ਸਿੰਘ ਵੜੈਚ, ਕੁਲਵੀਰ ਸਿੰਘ ਜੌੜਾ, ਮਹਿੰਗਾ ਢੱਟ, ਮਨਜੀਤ ਸਿੰਘ ਦੇਹਰੀਵਾਲ, ਉਪਕਾਰ ਸਿੰਘ ਦੇਹਰੀਵਾਲ, ਅਮਰਜੀਤ ਸਿੰਘ ਦੇਹਰੀਵਾਲ, ਵੰਸ ਦੇਹਰੀਵਾਲ, ਚਰਨਜੀਤ ਸਿੰਘ ਦੇਹਰੀਵਾਲ, ਦਵਿੰਦਰ ਸਿੰਘ ਦੇਹਰੀਵਾਲ, ਹਰਿੰਦਰ ਸਿੰਘ ਦੇਹਰੀਵਾਲ, ਸਿਮਰਨਜੀਤ ਸਿੰਘ ਦੇਹਰੀਵਾਲ,ਕਾਵਲ ਸਿੰਘ, ਰਜਿੰਦਰ ਕੁਮਾਰ ਦੇਹਰੀਵਾਲ, ਭੁਪਿੰਦਰ ਬੈਚਾ, ਹਰਦੀਪ ਦੇਹਰੀਵਾਲ, ਸਤਨਾਮ ਸਿੰਘ ਦੇਹਰੀਵਾਲ, ਮਨਦੀਪ ਸਿੰਘ ਲਿੱਤਰ, ਹਰਭਜਨ ਸਿੰਘ ਰਾਪੁਰ, ਦਵਿੰਦਰ ਸਿੰਘ ਸੰਧੂ, ਗੁਰਪ੍ਰੀਤ ਸਿੰਘ ਸੰਧੂ, ਰਤਨ ਸਿੰਘ ਖੋਖਰ, ਸਰਬਜੀਤ ਸਿੰਘ ਬੱਧਣ,ਸਰਵਣ ਸਿੰਘ ਮੂਡੀਆ ਜੱਟਾ, ਜਰਨੈਲ ਸਿੰਘ ਨਰਿਆਲ, ਬਿੰਦਰ ਬੈਸ, ਮਨਦੀਪ ਕੰਧਾਲਾ ਜੱਟਾ, ਜਸਵਿੰਦਰ ਸਿੰਘ ਢਡਿਆਲਾ, ਹਰਭਜਨ ਸਿੰਘ ਮੋਹਕਮਗੜ, ਸੁਰਿੰਦਰ ਸਿੰਘ ਬਸੀ ਜਲਾਲ,ਬੁਟਾ ਸਿੰਘ ਲਾਲੋਵਾਲ, ਬੱਬੂ ਲਿੱਤਰ ਆਦਿ ਮੌਜੂਦ ਸਨ।

ਆਰ ਐੱਮ ਪੀ ਆਈ ਵੱਲੋਂ 18 ਨੂੰ ਕੀਤੀ ਜਾਵੇਗੀ ਸਿਆਸੀ ਕਾਨਫਰੰਸ

ਫਿਲੌਰ (ਨਿਰਮਲ, ਹਰਜਿੰਦਰ ਕੌਰ ਚਾਹਲ)- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਵੱਲੋਂ 18 ਸਤੰਬਰ ਨੂੰ ਸ਼ਹੀਦ ਸੋਹਣ ਸਿੰਘ ਢੇਸੀ ਦੀ ਬਰਸੀ ਮੌਕੇ ਸਿਆਸੀ ਕਾਨਫਰੰਸ ਕੀਤੀ ਜਾਵੇਗੀ, ਜਿਸ ਨੂੰ ਪਾਰਟੀ ਦੇ ਵੱਡੇ ਆਗੂ ਸੰਬੋਧਨ ਕਰਨਗੇ। ਇੱਥੇ ਰਾਮ ਨਾਥ ਦੁਸਾਂਝ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ, ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ ਅਤੇ ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਪਾਰਟੀ ਵੱਲੋਂ ਪੰਜਾਬ ਅੰਦਰ 10-25 ਸਤੰਬਰ ਤੱਕ ਕੀਤੀਆਂ ਜਾਣ ਵਾਲੀਆਂ ਸਿਆਸੀ ਕਾਨਫਰੰਸਾਂ ਦੌਰਾਨ ਫਿਰਕੂ ਫਾਸ਼ੀਵਾਦੀ ਅਤੇ ਕਾਰਪੋਰੇਟ ਪੱਖੀ ਮੋਦੀ-ਸਾਹ ਸਰਕਾਰ ਦੇ ਵੰਡਵਾਦੀ ਏਜੰਡੇ 'ਤੇ ਲੋਕ ਮਾਰੂ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਂਦਿਆਂ ਇਨ੍ਹਾਂ ਵਿਰੁੱਧ ਵਿਸ਼ਾਲ ਲਾਮਬੰਦੀ ਕਰ ਕੇ ਤਿੱਖਾ ਸੰਘਰਸ਼ ਦਾ ਸੱਦਾ ਦਿੱਤਾ ਜਾਵੇਗਾ। ਮੁਹਿਮ ਤਹਿਤ ਦੇਸ਼ ਨੂੰ ਫਿਰਕੂ ਅੱਗ 'ਚ ਝੋਕਣ ਦੇ ਸੰਘ ਪਰਵਾਰ ਦੇ ਕੁਝ ਇਰਾਦਿਆਂ ਨੂੰ ਭਾਂਜ ਦੇਣ ਲਈ 2024 'ਚ ਹੋਣ ਜਾ ਰਹੀਆਂ ਆਮ ਚੋਣਾਂ 'ਚ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਅਪੀਲ ਵੀ ਕੀਤੀ ਜਾਵੇਗੀ। 18 ਸਤੰਬਰ ਨੂੰ ਪਿੰਡ ਕਾਹਨਾ ਢੇਸੀਆਂ 'ਚ ਕੀਤੀ ਜਾਣ ਵਾਲੀ ਇਸ ਸਿਆਸੀ ਕਾਨਫਰੰਸ 'ਚ ਸਾਰੇ ਸ਼ਹੀਦਾਂ ਅਤੇ ਵਿਛੜੇ ਸਾਥੀਆਂ ਨੂੰ ਵੀ ਯਾਦ ਕੀਤਾ ਜਾਵੇਗਾ। ਇਸ ਦੀ ਤਿਆਰੀ ਵਾਸਤੇ ਦੋ ਦਿਨ ਪਿੰਡਾਂ 'ਚ ਮੋਟਰਸਾਈਕਲ ਮਾਰਚ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਇਸ ਮੀਟਿੰਗ 'ਚ ਕੁਲਜਿੰਦਰ ਤਲਵਣ, ਕੁਲਦੀਪ ਫਿਲੌਰ, ਜਰਨੈਲ ਫਿਲੌਰ, ਗੁਰਜੀਤ ਜੀਤਾ, ਮੇਜਰ ਫਿਲੌਰ, ਅਮ੍ਰਿੰਤ ਨੰਗਲ, ਬਲਵਿੰਦਰ ਸਰਗੁੰਦੀ, ਰਮਨ ਤਲਵਣ, ਕੁਲਜੀਤ ਫਿਲੌਰ, ਗੁਰਦੀਪ ਗੋਗੀ, ਮੱਖਣ ਸੰਗਰਾਮੀ ਆਦਿ ਵੀ ਹਾਜਰ ਸਨ।

ਨਿਰਵਾਣ ਕੁਟੀਆ ਵਿਖੇ ਬੁੱਧ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਸਮਰਪਤ ਧਾਰਮਿਕ ਸਮਾਗਮ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)—ਬੁੱਧ ਮਹਾਪੁਰਸ਼ਾਂ ਵਲੋਂ ਦਰਸਾਏ ਗਏ ਸੱਚਿਆਈ ਦੇ ਮਾਰਗ ਦੇ ਪ੍ਰਚਾਰ ਤੇ ਪ੍ਰਸਾਰ ਲਈ ਪਿਛਲੇ ਲਗਭਗ 10 ਸਾਲਾਂ ਤੋਂ ਨਿਰਵਾਣ ਕੁਟੀਆ ਮਾਹਿਲਪੁਰ ਵਿਖੇ ਹੋ ਰਹੇ ਸਮਾਗਮਾਂ ਦੀ ਲੜੀ ਨੂੰ ਜਾਰੀ ਰੱਖਦਿਆਂ ਸਤੰਬਰ ਮਹੀਨੇ ਦਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਤਥਾਗਤ ਭਗਵਾਨ ਬੁੱਧ ਅਤੇ ਹੋਰ ਬੁੱਧ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਅੱਗੇ ਗਿਆਨ ਦੇ ਪ੍ਰਤੀਕ ਵਜੋਂ ਮੋਮਬੱਤੀ ਬਾਲੀ ਗਈ ਅਤੇ ਸਮੂਹਿਕ ਤੌਰ 'ਤੇ ਧਿਆਨ ਸਾਧਨਾ ਕਰਦਿਆਂ ਸਰਬੱਤ ਦਾ ਭਲਾ ਮੰਗਿਆ ਗਿਆ। ਇਸ ਮੌਕੇ ਸੀਮਾ ਰਾਣੀ ਬੋਧ ਪ੍ਰਧਾਨ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰਡ ਮਾਹਿਲਪੁਰ , ਜਗਤਾਰ ਸਿੰਘ ਸਾਬਕਾ ਐਸਡੀਓ ਬਿਜਲੀ ਬੋਰਡ, ਸਵਾਮੀ ਰਜਿੰਦਰ ਰਾਣਾ, ਡਾਕਟਰ ਪਰਮਿੰਦਰ ਸਿੰਘ ਕਮੇਟੀ ਮੈਂਬਰਾਂ ਸਮੇਤ ਗੁਰਮੇਲ ਸਿੰਘ, ਪ੍ਰੀਤਮ ਕੌਰ, ਰੇਖਾ ਰਾਣੀ ਰਾਜ ਰਾਣੀ, ਕਮਲਾ ਦੇਵੀ, ਦੀਆ ਆਦਿ ਹਾਜਰ ਸਨ। ਸੀਮਾ ਰਾਣੀ ਬੋਧ ਨੇ ਕਿਹਾ ਕਿ ਇਹ ਸਮਾਗਮ ਪਹਿਲੇ 'ਭਿਖੂਣੀ ਸੰਗ ਸਥਾਪਨਾ ਦਿਵਸ' ਅਤੇ ਭ